Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

Vol : 4 : # ਅੰਕ 42 17/06/2025 www.samajweekly.com samajweekly @samajweekly samajweekly

# ਇਜ਼ਰਾਈਲ-ਇਰਾਨ ਟਕਰਾਅ, 230 ਤੋਂ ਵਧ ਮੌਤਾਂ

## ਤਹਿਰਾਨ ਵੱਲੋਂ ਗੋਲੀਬੰਦੀ ਦੀ ਪੇਸ਼ਕਸ਼ ਰੱਦ

**ਦੁਬਈ।** ਇਜ਼ਰਾਈਲ ਤੇ ਇਰਾਨ ਦਰਮਿਆਨ ਟਕਰਾਅ ਤੀਜੇ ਦਿਨ ਵੀ ਜਾਰੀ ਰਿਹਾ। ਜੰਗ ਰੋਕਣ ਲਈ ਦਿੱਤੇ ਸੱਦੇ ਦੇ ਬਾਵਜੂਦ ਦੋਵਾਂ ਮੁਲਕਾਂ ਨੇ ਇਕ ਦੂਜੇ ਉੱਤੇ ਮਿਜ਼ਾਈਲ ਹਮਲੇ ਕੀਤੇ ਤੇ ਕੋਈ ਵੀ ਪਿੱਛੇ ਹਟਣ ਲਈ ਤਿਆਰ ਨਹੀਂ ਹੈ। ਇਰਾਨ ਨੇ ਕਿਹਾ ਕਿ ਇਜ਼ਰਾਈਲ ਨੇ ਉਸ ਦੀਆਂ ਤੇਲ ਰਿਫਾਇਨਰੀਆਂ ’ਤੇ ਹਮਲਾ ਕੀਤਾ, ਉਸ ਦੇ ਨੀਮ ਫੌਜੀ ਰੈਵੋਲਿਊਸ਼ਨਰੀ ਗਾਰਡ ਦੇ ਖੁਫੀਆ ਮੁਖੀ ਅਤੇ ਦੋ ਹੋਰ ਜਰਨੈਲਾਂ ਨੂੰ ਮਾਰ ਦਿੱਤਾ ਅਤੇ ਹਵਾਈ ਹਮਲਿਆਂ ਨਾਲ ਵਸੋਂ ਵਾਲੇ ਕੇਂਦਰਾਂ ਨੂੰ ਨਿਸ਼ਾਨਾ ਬਣਾਇਆ। ਇਜ਼ਰਾਈਲ ਵੱਲੋਂ ਸ਼ੁੱਕਰਵਾਰ ਤੋਂ ਸ਼ੁਰੂ ਕੀਤੇ ਹਮਲਿਆਂ ਵਿਚ ਹੁਣ ਤੱਕ 224 ਵਿਅਕਤੀਆਂ ਦੀ ਜਾਨ ਜਾਂਦੀ ਰਹੀ ਹੈ। ਅਧਿਕਾਰੀਆਂ ਨੇ ਦੱਸਿਆ ਕਿ ਹਮਲਿਆਂ ਵਿਚ ਜ਼ਖ਼ਮੀ ਹੋਏ ਫੌਜੀ ਅਧਿਕਾਰੀਆਂ ਅਤੇ ਨਾਗਰਿਕਾਂ ਦੀ ਗਿਣਤੀ 1,277 ਦੇ ਕਰੀਬ ਹੈ। ਇਜ਼ਰਾਈਲ, ਜਿਸ ਨੇ ਇਰਾਨ ਦੇ ਤੇਜ਼ੀ ਨਾਲ ਵਧਣੇ ਪ੍ਰਮਾਣੂ ਪ੍ਰੋਗਰਾਮ ਤੇ ਫੌਜੀ ਲੀਡਰਸ਼ਿਪ ’ਤੇ ਆਪਣੀਆਂ ਮਿਜ਼ਾਈਲਾਂ ਦਾਗੀਆਂ ਹਨ, ਨੇ ਕਿਹਾ ਕਿ ਇਰਾਨ ਨੇ ਸ਼ੁੱਕਰਵਾਰ ਨੂੰ 270 ਤੋਂ ਵੱਧ ਮਿਜ਼ਾਈਲਾਂ ਦਾਗ਼ੀਆਂ। ਇਨ੍ਹਾਂ ਵਿਚੋਂ 22 ਦੇਸ਼ ਦੀ ਅਤਿਆਧੁਨਿਕ ਬਹੁਪਰਤੀ ਹਵਾਈ ਸੁਰੱਖਿਆ ਵਿਚ ਸੰਨ੍ਹ ਲਾ ਕੇ ਰਿਹਾਇਸ਼ੀ ਉਪ ਨਗਰਾਂ ਵਿਚ ਤਬਾਹੀ ਮਚਾਉਣ ਵਾਲੀਆਂ ਮਿਜ਼ਾਈਲਾਂ ਸਨ। ਇਨ੍ਹਾਂ ਹਮਲਿਆਂ ਵਿਚ 14 ਵਿਅਕਤੀ ਮਾਰੇ ਗਏ ਤੇ 340 ਹੋਰ ਜ਼ਖ਼ਮੀ ਹਨ। ਇਜ਼ਰਾਈਲ ਇਸ ਜੰਗ ਵਿਚ ਕਿਸ ਹੱਦ ਤੱਕ ਜਾ ਸਕਦਾ ਹੈ, ਉਸ ਦਾ ਸੰਕੇਤ ਇਸ ਗੱਲ



ਤੋਂ ਮਿਲਦਾ ਹੈ ਕਿ ਇੱਕ ਅਮਰੀਕੀ ਅਧਿਕਾਰੀ ਨੇ ਇਸ ਖ਼ਬਰ ਏਜੰਸੀ ਨੂੰ ਦੱਸਿਆ ਕਿ ਰਾਸ਼ਟਰਪਤੀ ਡੋਨਲਡ ਟਰੰਪ ਨੇ ਇਰਾਨ ਦੇ ਸੁਪਰੀਮ ਲੀਡਰ ਆਇਤੁੱਲਾ ਅਲੀ ਖਮੇਨੀ ਨੂੰ ਮਾਰਨ ਦੀ ਇਜ਼ਰਾਇਲੀ ਯੋਜਨਾ ਨੂੰ ਰੱਦ ਕਰ ਦਿੱਤਾ। ਖਮੇਨੀ ਇਰਾਨ ਦਾ ਸੁਪਰੀਮ ਆਗੂ ਹੈ, ਜਿਸ ਕੋਲ ਸਾਰੀਆਂ ਪ੍ਰਮੁੱਖ ਨੀਤੀਆਂ ’ਤੇ ਅੰਤਿਮ ਫੈਸਲਾ ਲੈਣ ਦਾ ਅਧਿਕਾਰ ਹੈ। ਉਹ ਹਥਿਆਰਬੰਦ ਸੈਨਾਵਾਂ ਦੇ ਕਮਾਂਡਰ-ਇਨ-ਚੀਫ਼ ਵਜੋਂ ਸੇਵਾ ਨਿਭਾਉਂਦਾ ਹੈ ਅਤੇ ਉਸ ਕੋਲ ਸ਼ਕਤੀਸ਼ਾਲੀ ਰੈਵੋਲਿਊਸ਼ਨਰੀ ਗਾਰਡ ਦਾ ਕੰਟਰੋਲ ਹੈ। ਇਜ਼ਰਾਈਲ, ਜੋ ਮੱਧ ਪੂਰਬ ਦਾ ਇਕਲੌਤਾ, ਪਰ ਅਣਐਲਾਨਿਆ ਪ੍ਰਮਾਣੂ ਹਥਿਆਰਬੰਦ ਦੇਸ਼ ਹੈ, ਨੇ ਕਿਹਾ ਹੈ ਕਿ ਇਹ ਹਮਲਾ ਇਰਾਨ ਨੂੰ ਪ੍ਰਮਾਣੂ ਹਥਿਆਰ ਵਿਕਸਤ ਕਰਨ ਤੋਂ ਰੋਕਣ ਲਈ ਸੀ। ਤਹਿਰਾਨ ਦੇ ਪ੍ਰਮਾਣੂ ਪ੍ਰੋਗਰਾਮ ਦੇ ਭਵਿੱਖ ਬਾਰੇ ਅਮਰੀਕਾ ਤੇ ਇਰਾਨ ਵਿਚਾਲੇ ਗੱਲਬਾਤ ਦਾ ਨਵੀਨਤਮ ਦੌਰ ਐਤਵਾਰ ਨੂੰ ਓਮਾਨ ਵਿੱਚ ਤੈਅ ਕੀਤਾ ਗਿਆ ਸੀ, ਪਰ ਇਜ਼ਰਾਇਲੀ ਹਮਲੇ ਤੋਂ ਬਾਅਦ ਇਸ ਨੂੰ ਰੱਦ ਕਰ ਦਿੱਤਾ ਗਿਆ। ਇਰਾਨ ਨੇ ਮੈਟਰੋ ਸਟੇਸ਼ਨਾਂ ਤੇ ਮਸਜਿਦਾਂ ਨੂੰ ਹਮਲਿਆਂ ਤੋਂ ਬਚਾਅ ਲਈ ਸ਼ੈਲਟਰਾਂ ਵਿੱਚ ਤਬਦੀਲ ਕਰ ਦਿੱਤਾ ਹੈ।

# ਬਹੁਜਨ ਸਮਾਜ ਪਾਰਟੀ ਨਵਾਂਸ਼ਹਿਰ ਹਲਕੇ ਦੇ ਸਾਰੇ ਵਰਕਰਾਂ ਨੂੰ ਸਨਮਾਨਿਤ ਕੀਤਾ ਗਿਆ : ਡਾ ਨੱਛਤਰ ਪਾਲ

### 18 ਜੂਨ ਨੂੰ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਚਰਨ ਛੋਹ ਧਰਤੀ ਖੁਰਾਲਗੜ੍ਹ ਸਾਹਿਬ ਤੋਂ ਰੋਸ ਪ੍ਰਦਰਸ਼ਨ ਚਲੇਗਾ ਅਤੇ ਗੜ੍ਹਸ਼ੰਕਰ ਪਹੁੰਚੇਗਾ: ਕਰੀਮਪੁਰੀ

**ਨਵਾਂਸ਼ਹਿਰ (ਚਰਨਜੀਤ ਸੱਲ੍ਹਾਂ )** ਵਿਧਾਨ ਸਭਾ ਹਲਕਾ ਨਵਾਂ ਸ਼ਹਿਰ ਵੱਲੋਂ ਵਰਕਰ ਸਨਮਾਨ ਸਮਾਂਰੋਹ, ਨਵਾਂ ਸ਼ਹਿਰ ਸੀਟ ਜਿਤਾ ਕੇ ਬਸਪਾ ਦੀ ਝੋਲੀ ਚ ਪਾਉਣ ਲਈ ਵਰਕਰਾਂ ਦਾ ਸ਼ੁਕਰਾਨਾ ਕੀਤਾ ਤੇ ਆਉਣ ਵਾਲੇ ਸਮੇਂ ਚ ਵੀ ਇਸ ਸੀਟ ਨੂੰ ਜਿੱਤ ਕੇ ਭੈਣ ਕੁਮਾਰੀ ਮਾਇਆਵਤੀ ਜੀ ਦੀ ਝੋਲੀ ਚ ਆਉਣ ਦਾ ਸੱਦਾ ਦਿੱਤਾ ਅਤੇ ਪੰਜਾਬ ਸੰਭਾਲੋ ਮਹਿਮ ਨੂੰ ਘਰ ਘਰ ਪਹੁੰਚਾਉਣ ਲਈ ਵਰਕਰਾਂ ਨੂੰ ਅਪੀਲ ਕੀਤੀ ਇਸ ਮੌਕੇ ਮੁੱਖ ਮਹਿਮਾਨ ਸ੍ਰੀ ਰਣਧੀਰ ਸਿੰਘ ਬੈਨੀਵਾਲ ਜੀ ਨੇ ਵੀ ਵਰਕਰਾਂ ਦਾ ਧੰਨਵਾਦ ਕੀਤਾ ਅਤੇ ਸਤਰਕ ਰਹਿ ਕੇ ਬਹੁਜਨ ਸਮਾਜ ਪਾਰਟੀ ਨੂੰ ਆਉਣ ਵਾਲੇ ਸਮੇਂ ਚ ਵੀ ਜਿਤਾਉਣ ਅਤੇ ਜਥੇਬੰਦਕ ਢਾਂਚੇ ਨੂੰ ਮਜਬੂਤ ਕਰਨ ਦਾ ਸੱਦਾ ਦਿੱਤਾ, ਸ੍ਰੀ ਬਿਪਲ ਕੁਮਾਰ ਜੀ ਸੈਂਟਰਲ ਕੋਆਰਡੀਨੇਟਰ ਬਹੁਜਨ ਸਮਾਜ ਪਾਰਟੀ ਪੰਜਾਬ ਕੀ ਨੇ ਇਸ ਕਾਮਯਾਬ ਵਰਕਰ ਸੰਮੇਲਨ ਲਈ ਵਿਧਾਨ ਸਭਾ ਜ਼ਿਲ੍ਹਾ ਲੀਡਰਸ਼ਿਪ ਨੂੰ





ਵਧਾਈ ਦਿੱਤੀ ਉਥੇ ਉਹਨਾਂ ਨੇ ਡਾਕਟਰ ਨਛੱਤਰਪਾਲ ਦੀਆਂ ਸੇਵਾਵਾਂ ਨੂੰ ਵੀ ਐਪਰੀਸ਼ੀਏਟ ਕੀਤਾ,ਇਸ ਵਕਤ ਡਾਕਟਰ ਨਛੱਤਰ ਪਾਲ ਜੀ ਵਿਧਾਇਕ ਇੰਚਾਰਜ ਬਸਪਾ ਪੰਜਾਬ ਵੱਲੋਂ ਨਵਾਂਸ਼ਹਿਰ ਦੇ ਜਿਨੇ ਵੀ ਵਰਕਰ ਸਾਹਿਬ ਕਾਸੀ ਰਾਮ ਜੀ ਦੇ ਨਾਲ ਤੁਰੇ ਹੋਏ ਸਨ ਉਹ ਚਾਹੇ ਬਾਮਸੇਫ ਦੇ ਆਗੂ ਹੋਣ, ਉਹ ਚਾਹੇ ਮਿਸ਼ਨਰੀ ਕਲਾਕਾਰ ਹੋਣ, ਉਹ ਚਾਹੇ ਇੱਕ ਪਿੰਡ ਲੈਵਲ ਦਾ ਵਰਕਰ ਹੋਵੇ ਅਤੇ ਉਹ ਚਾਹੇ ਕੋਈ ਵੀ ਐਨ ਆਰ ਆਈ ਦੇ ਵਰਕਰ ਹੋਵੇ ਅੱਜ ਡਾ ਨਛੱਤਰ ਪਾਲ ਐਮ ਐਲ ਏ ਨਵਾਂਸ਼ਹਿਰ ਨੇ ਆਪਣੇ ਹਲਕੇ ਦੇ ਸਾਰੇ ਵਰਕਰਾਂ ਨੂੰ ਸਨਮਾਨਿਤ ਕੀਤਾ ਉਨ੍ਹਾਂ ਦਾ ਕਹਿਣਾ ਸੀ ਕਿ ਜਦੋਂ ਵੀ ਕੋਈ ਐਮ ਐਲ ਏ ਜਿੱਤਦਾ ਹੈ ਤਾਂ ਇਹਨਾਂ ਵਰਕਰਾਂ ਦੀ ਮੁੱਖ ਭੂਮਿਕਾ ਹੁੰਦੀ ਹੈ ਕਿਉਂਕਿ ਕਿਸੇ ਵੀ ਪਾਰਟੀ ਦੇ ਵਰਕਰ ਪਾਰਟੀ ਦੀ ਰੀੜ੍ਹ ਦੀ ਹੱਡੀ ਹੁੰਦੇ ਹਨ ਇਸ ਲਈ ਇਨ੍ਹਾਂ ਨੂੰ ਨਰਾਜ਼ ਨਹੀਂ ਕਰਨਾ ਚਾਹੀਦਾ ਨਾਲ਼ੇ ਬਸਪਾ ਦੇ ਵਰਕਰ ਭੁੱਖੇ ਪਿਆਸੇ ਕੰਮ ਕਰਦੇ ਰਹੇ ਸੀ,ਹਨ ਅਤੇ ਕਰਦੇ ਰਹਿਣਗੇ। ਇਸ ਮੌਕੇ ਤੇ ਪ੍ਰਵੀਨ ਬੰਗਾ ਜੋਨ ਇੰਚਾਰਜ ਲੁਧਿਆਣਾ, ਚੌਧਰੀ ਗੁਰਨਾਮ ਸਿੰਘ, ਸਰਬਜੀਤ ਜਾਫਰਪੁਰ ਜ਼ਿਲ੍ਹਾ ਪ੍ਰਧਾਨ, ਗੁਰਮੁਖ ਨੌਰਥ,



ਮਨੋਹਰ ਕਮਾਮ ਜ਼ਿਲ੍ਹਾ ਇੰਚਾਰਜ, ਵਿਜੇ ਗੁਣਾਚੌਰ ਜ਼ਿਲ੍ਹਾ ਸਕੱਤਰ,ਮਾ ਸਤਪਾਲ ਰਟੈਂਡਾ ਪ੍ਰਧਾਨ ਹਲਕਾ ਬੰਗਾ, ਰਛਪਾਲ ਮਹਾਲੋਂ ਪ੍ਰਧਾਨ ਹਲਕਾ ਨਵਾਂਸ਼ਹਿਰ, ਕ਼ਲਮ ਦੇ ਧਨੀ ਚਮਨ ਲਾਲ ਚਣਕੋਆ,ਮਾਸਟਰ ਪਰਮਜੀਤ ਮਹਾਲੋਂ , ਰਾਕੇਸ਼ ਕੁਲਥਮ, ਕੁਲਦੀਪ ਬਹਿਰਾਮ, ਜਤਿੰਦਰ ਖਮਾਚੋ, ਸੁਰਜੀਤ ਕਰੀਹਾ, ਐਡਵੋਕੇਟ ਕਮਲਜੀਤ,ਸਾਰੇ ਹਲਕਾ ਨਵਾਂਸ਼ਹਿਰ ਦੇ ਵਰਕਰ ਪੰਚ, ਸਰਪੰਚ, ਨੰਬਰਦਾਰ, ਬਹੁਤ ਸਾਰੇ ਐਡਵੋਕੇਟ,ਨੌਕਰੀਆਂ ਕਰ ਰਹੇ ਮੁਲਾਜ਼ਮ, ਨੌਕਰੀਆਂ ਤੋਂ ਰਿਟਾਇਰ ਮੁਲਾਜ਼ਮ, ਮਿਸ਼ਨਰੀ ਕਲਾਕਾਰ ਐਸ ਐਸ ਆਜ਼ਾਦ,ਰਾਣੀ ਅਰਮਾਨ, ਕਰਨੈਲ ਦਰਦੀ, ਸੁੱਖਾ ਸਰੋਆ, ਹਰਨਾਮ ਸਿੰਘ ਬਹਿਲਪੁਰੀ ਅਤੇ ਆਈ ਹੋਈ ਲੀਡਰਸ਼ਿਪ ਨੂੰ ਜੀ ਆਇਆ ਕਿਹਾ ਗਿਆ ਅਤੇ ਵਰਕਰਾਂ ਦਾ ਧੰਨਵਾਦ ਵੀ ਕੀਤੀ ਅਤੇ ਵਿਧਾਨ ਸਭਾ ਹਲਕਾ ਨਵਾਂ ਸ਼ਹਿਰ ਵਿੱਚ ਕੀਤੇ ਵਿਕਾਸ ਕਾਰਜਾਂ ਤੇ ਚਰਚਾ ਕੀਤੀ ਤੇ ਅਸੰਬਲੀ ਦੇ ਅੰਦਰ ਜਨਤ ਦੇ ਚੁੱਕੇ ਗਏ ਮੁੱਦਿਆਂ ਤੋਂ ਵਰਕਰਾਂ ਨੂੰ ਜਾਣੂ ਕਰਵਾਇਆ । ਇਸ ਵਰਕਰ ਸਮੇਲਨ ਤੋਂ ਨੈਸ਼ਨਲ ਕੋਆਰਡੀਨੇਟਰ ਬੈਨੀਪਾਲ ਬਹੁਤ ਖੁਸ਼ ਸੀ ਉਸ ਦਾ ਕਹਿਣਾ ਸੀ ਕਿ ਇਹ ਗੱਲ ਡਾ ਨਛੱਤਰ ਪਾਲ ਐਮ ਐਲ ਏ ਨਵਾਂਸ਼ਹਿਰ ਨੇ ਵੱਖਰੀ ਮਿਸਾਲ ਪੇਸ਼ ਕੀਤੀ ਹੈ ਪੰਜਾਬ ਵਿੱਚੋ ਹੀ ਨਹੀਂ ਪੂਰੇ ਦੇਸ਼ ਵਿੱਚੋਂ ਮਿਸ਼ਾਲ ਕਾਇਮ ਕੀਤੀ ਹੈ ਜਿਸ ਤੋਂ ਸਾਨੂੰ ਵਧੀਆ ਸਬਕ਼ ਮਿਲਿਆ ਹੈ।

# ਹੁਣ ਸਿੰਧੂ ਦਾ ਪਾਣੀ ਪਹੁੰਚੇਗਾ ਰਾਜਸਥਾਨ, ਪੰਜਾਬ ਤੇ ਹਰਿਆਣਾ, ਸਰਕਾਰ ਨੇ ਬਣਾਈ ਨਵੀਂ ਯੋਜਨਾ

**ਨਵੀਂ ਦਿਲੀ।** ਹੁਣ ਸਰਕਾਰ ਸਿੰਧੂ ਨਦੀ ਦੇ ਸੰਬੰਧ ਵਿੱਚ ਇੱਕ ਵੱਡੀ ਯੋਜਨਾ ਬਣਾਉਣ ਜਾ ਰਹੀ ਹੈ। ਇਸ ਦੇ ਤਹਿਤ, ਭਾਰਤ ਖੁਦ ਸਿੰਧੂ ਨਦੀ ਦੇ ਪਾਣੀ ਦੀ ਬਿਹਤਰ ਅਤੇ ਲੰਬੇ ਸਮੇਂ ਦੀ ਵਰਤੋਂ ਵੱਲ ਇੱਕ ਵੱਡਾ ਕਦਮ ਚੁੱਕ ਰਿਹਾ ਹੈ ਤਾਂ ਜੋ ਪੰਜਾਬ, ਹਰਿਆਣਾ ਅਤੇ ਰਾਜਸਥਾਨ ਇਸ ਤੋਂ ਲਾਭ ਪ੍ਰਾਪਤ ਕਰ ਸਕਣ। ਦਰਅਸਲ, ਸਰਕਾਰ 113 ਕਿਲੋਮੀਟਰ ਲੰਬੀ ਨਹਿਰ ਬਣਾਉਣ ਦੀ ਯੋਜਨਾ ਬਣਾ ਰਹੀ ਹੈ। ਇਸ ਨਾਲ ਜੰਮੂ ਅਤੇ ਕਸ਼ਮੀਰ ਦਾ ਵਾਧੂ ਪਾਣੀ ਪੰਜਾਬ, ਹਰਿਆਣਾ ਅਤੇ ਰਾਜਸਥਾਨ ਤੱਕ ਪਹੁੰਚ ਸਕੇਗਾ।

**ਪਾਕਿਸਤਾਨ ਲਈ ਬੁਰੀ ਖ਼ਬਰ**

ਇਹ ਨਹਿਰ ਚਨਾਬ ਨਦੀ ਨੂੰ ਰਾਵੀ, ਬਿਆਸ ਅਤੇ ਸਤਲੁਜ ਨਾਲ ਜੋੜੇਗੀ। ਇਸ ਦਾ ਉਦੇਸ਼ ਇਹ ਹੈ ਕਿ ਭਾਰਤ ਪੂਰਬੀ ਨਦੀਆਂ ਰਾਵੀ, ਬਿਆਸ ਅਤੇ ਸਤਲੁਜ ਦੇ ਆਪਣੇ ਹਿੱਸੇ ਦੀ ਪੂਰੀ ਵਰਤੋਂ ਕਰ ਸਕੇ। ਇਸ ਦੇ ਨਾਲ, ਭਾਰਤ ਸਿੰਧੂ ਜਲ ਸੰਧੀ ਦੇ ਤਹਿਤ ਪ੍ਰਾਪਤ ਸਿੰਧੂ, ਜੇਹਲਮ ਅਤੇ ਚਨਾਬ ਵਰਗੀਆਂ ਪੱਛਮੀ ਨਦੀਆਂ ਦਾ ਵੀ ਪੂਰਾ ਲਾਭ ਲੈ ਸਕਦਾ ਹੈ।



ਇਸ ਨਾਲ ਪਾਕਿਸਤਾਨ ਜਾਣ ਵਾਲੇ ਵਾਧੂ ਪਾਣੀ ਨੂੰ ਰੋਕ ਦਿੱਤਾ ਜਾਵੇਗਾ। ਟੂਆਈ ਦੀ ਰਿਪੋਰਟ ਅਨੁਸਾਰ, ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸ਼ਨੀਵਾਰ ਨੂੰ ਕਿਹਾ ਕਿ ਅਗਲੇ ਤਿੰਨ ਸਾਲਾਂ ਦੇ ਅੰਦਰ, ਸਿੰਧ ਤੋਂ ਪਾਣੀ ਨਹਿਰਾਂ ਰਾਹੀਂ ਰਾਜਸਥਾਨ ਦੇ ਸ੍ਰੀ ਗੰਗਾਨਗਰ ਤੱਕ ਪਹੁੰਚਾਇਆ ਜਾਵੇਗਾ। ਇਸ ਨਾਲ ਦੇਸ਼ ਦੇ ਇੱਕ ਵੱਡੇ ਹਿੱਸੇ ਵਿੱਚ ਸਿੰਚਾਈ ਸਹੂਲਤਾਂ ਵਧ ਜਾਣਗੀਆਂ, ਜਦੋਂ ਕਿ ਪਾਕਿਸਤਾਨ ਨੂੰ ਹਰ ਬੂੰਦ ਲਈ ਤਰਸਣਾ ਪਵੇਗਾ।

ਰਿਪੋਰਟ ਅਨੁਸਾਰ, ਇਹ ਚਨਾਬ, ਰਾਵੀ, ਬਿਆਸ, ਸਤਲੁਜ ਲਿੰਕ ਇਸ ਤਰੀਕੇ ਨਾਲ ਤਿਆਰ ਕੀਤਾ ਜਾ ਰਿਹਾ ਹੈ ਕਿ ਇਸ ਨੂੰ ਜੰਮੂ, ਪੰਜਾਬ, ਹਰਿਆਣਾ ਅਤੇ ਰਾਜਸਥਾਨ ਵਿੱਚ 13 ਵੱਖ-ਵੱਖ ਥਾਵਾਂ 'ਤੇ ਪਹਿਲਾਂ ਤੋਂ ਮੌਜੂਦ ਨਹਿਰਾਂ ਨਾਲ ਜੋੜਿਆ ਜਾ ਸਕੇ। ਇਸ ਨਾਲ ਸਿੱਧਾ ਇੰਦਰਾ ਗਾਂਧੀ ਨਹਿਰ (ਸਤਲੁਜ-ਬਿਆਸ) ਵਿੱਚ ਪਾਣੀ ਆਵੇਗਾ।

# ਮਸ਼ਹੂਰ ਹਰਿਆਣਵੀ ਮਾਡਲ ਸ਼ੀਤਲ ਉਰਫ਼ ਸਿੰਮੀ ਚੌਧਰੀ ਦਾ ਕਤਲ, ਨਹਿਰ 'ਚੋਂ ਮਿਲੀ ਲਾਸ਼

**ਨਵੀਂ ਦਿੱਲੀ।** ਬਠਿੰਡਾ ਵਿਚ ਪੰਜਾਬ ਦੀ ਰਹਿਣ ਵਾਲੀ ਕਮਲ ਕੌਰ ਭਾਬੀ ਉਰਫ਼ ਕੰਚਨ ਕੁਮਾਰੀ ਦੇ ਕਤਲ ਵਾਰਗੀ ਹੀ ਘਟਨਾ ਹੁਣ ਹਰਿਆਣਾ ਤੋਂ ਸਾਹਮਣੇ ਆਈ ਹੈ, ਜਿਥੇ ਮਾਡਲ ਦਾ ਕਤਲ ਕੀਤਾ ਗਿਆ ਹੈ। ਮਸ਼ਹੂਰ ਹਰਿਆਣਵੀ ਮਾਡਲ ਸ਼ੀਤਲ ਉਰਫ਼ ਸਿੰਮੀ ਚੌਧਰੀ ਦੀ ਲਾਸ਼ ਬਰਾਮਦ ਕਰ ਲਈ ਗਈ ਹੈ। ਉਸਦੀ ਲਾਸ਼ ਸੋਨੀਪਤ ਦੇ ਖਰਖੋਦਾ ਵਿਖੇ ਨਹਿਰ ਵਿੱਚੋਂ ਮਿਲੀ। ਉਸ ਦੀ ਗਰਦਨ 'ਤੇ ਚਾਕੂ ਦੇ ਨਿਸ਼ਾਨ ਮਿਲੇ ਹਨ, ਜਿਸ ਤੋਂ ਸ਼ੱਕ ਪੈਦਾ ਹੁੰਦਾ ਹੈ ਕਿ ਮਾਡਲ ਦਾ ਗਲਾ ਵੱਢ ਕੇ ਕਤਲ ਕੀਤਾ ਗਿਆ ਹੈ। ਮ੍ਰਿਤਕ ਦੇਹ ਦੇ ਹੱਥਾਂ ਅਤੇ ਛਾਤੀ 'ਤੇ ਟੈਟੂ ਸਨ ਜਿਨ੍ਹਾਂ ਨੇ ਇਸਨੂੰ ਮਾਡਲ ਸ਼ੀਤਲ ਵਜੋਂ ਪਛਾਣਨ ਵਿੱਚ ਮਦਦ ਕੀਤੀ।

ਸ਼ੀਤਲ ਮੂਲ ਰੂਪ ਵਿੱਚ ਪਾਣੀਪਤ ਦੀ ਰਹਿਣ ਵਾਲੀ ਸੀ। ਸ਼ਨੀਵਾਰ (14 ਜੂਨ) ਨੂੰ ਉਹ ਸ਼ੂਟਿੰਗ ਲਈ ਘਰੋਂ ਨਿਕਲੀ। ਇਸ ਦੌਰਾਨ ਉਸਨੇ ਆਪਣੀ ਭੈਣ ਨੇਹਾ ਨੂੰ ਫ਼ੋਨ ਕੀਤਾ ਅਤੇ ਦੱਸਿਆ ਕਿ ਉਸਦਾ ਬੁਆਏਫ੍ਰੈਂਡ ਉਸਨੂੰ ਕੁੱਟ ਰਿਹਾ ਹੈ। ਉਹ ਉਸਨੂੰ ਜ਼ਬਰਦਸਤੀ ਆਪਣੇ ਨਾਲ ਲਿਜਾਣ ਦੀ ਕੋਸ਼ਿਸ਼ ਕਰ ਰਿਹਾ ਹੈ। ਇਸ ਤੋਂ ਬਾਅਦ ਕਾਲ ਕੱਟ ਦਿੱਤੀ ਗਈ। ਇਸ ਤੋਂ ਬਾਅਦ ਸੋਮਵਾਰ ਸਵੇਰੇ ਸ਼ੀਤਲ ਦੀ ਲਾਸ਼ ਸੋਨੀਪਤ ਤੋਂ ਬਰਾਮਦ ਕੀਤੀ ਗਈ। ਸੋਨੀਪਤ ਪੁਲਿਸ ਨੇ ਪੁਸ਼ਟੀ ਕੀਤੀ ਕਿ ਲਾਸ਼ ਸ਼ੀਤਲ ਦੀ ਹੈ। ਐਤਵਾਰ ਸਵੇਰੇ ਦੋਸ਼ੀ ਪ੍ਰੇਮੀ ਦੀ ਕਾਰ ਵੀ ਦਿੱਲੀ ਪੈਰਲਲ ਨਹਿਰ ਵਿੱਚ ਪਈ ਮਿਲੀ। ਲੋਕਾਂ ਨੇ ਆਦਮੀ ਨੂੰ ਕਾਰ ਵਿੱਚੋਂ ਬਾਹਰ ਕੱਢਿਆ ਪਰ ਮਾਡਲ ਗਾਇਬ ਸੀ। ਜਿਸ ਤੋਂ ਬਾਅਦ ਭੈਣ ਨੇ ਗੁੰਮਸ਼ੁਦਗੀ ਦੀ ਰਿਪੋਰਟ ਦਰਜ ਕਰਵਾਈ।



# ਸੁਰੱਖਿਅਤ ਮੰਨੇ ਜਾਣ ਵਾਲੇ Airplane Boieng Dreamilner-787-8 'ਚ ਅਚਾਨਕ ਆਉਣ ਲੱਗੀਆਂ ਦਿੱਕਤਾਂ

**ਨਵੀਂ ਦਿੱਲੀ।** ਵੀਰਵਾਰ ਨੂੰ ਅਹਿਮਦਾਬਾਦ ਵਿਚ ਇਕ ਭਿਆਨਕ ਹਾਦਸਾ ਵਾਪਰਿਆ। ਏਅਰ ਇੰਡੀਆ ਦੀ ਉਡਾਣ ਅੀ-171 ਉਡਾਣ ਭਰਨ ਤੋਂ ਕੁੱਝ ਮਿੰਟਾਂ ਬਾਅਦ ਹੀ ਹਾਦਸਾਗ੍ਰਸਤ ਹੋ ਗਈ। ਇਸ ਜਹਾਜ਼ ਨੇ ਅਹਿਮਦਾਬਾਦ ਦੇ ਸਰਦਾਰ ਵੱਲਭ ਭਾਈ ਪਟੇਲ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਲੰਡਨ ਦੇ ਗੈਟਵਿਕ ਹਵਾਈ ਅੱਡੇ ਲਈ ਉਡਾਣ ਭਰੀ ਸੀ। ਇਸ ਹਾਦਸੇ ਵਿਚ 265 ਲੋਕਾਂ ਦੀ ਮੌਤ ਹੋ ਗਈ। ਜਿਸ ਵਿਚ ਜਹਾਜ਼ 'ਚ ਸਵਾਰ 241 ਲੋਕ ਸ਼ਾਮਲ ਹਨ। ਇਸ ਹਾਦਸੇ ਵਿਚ ਜਹਾਜ਼ ਵਿਚ ਸਵਾਰ ਸਿਰਫ਼ ਇਕ ਵਿਅਕਤੀ ਬਚਿਆ ਹੈ। ਜਿਸ ਜਹਾਜ਼ ਵਿਚ ਇਹ ਹਾਦਸਾ ਹੋਇਆ ਉਹ ਬੋਇੰਗ ਦਾ ਡ੍ਰੀਮਲਾਈਨਰ-787-8 ਸੀ। ਇਸ ਹਾਦਸੇ ਤੋਂ ਬਾਅਦ, ਸੱਭ ਤੋਂ ਸੁਰੱਖਿਅਤ ਮੰਨਿਆ ਜਾਣ ਵਾਲਾ ਬੋਇੰਗ ਕੰਪਨੀ ਦਾ ਇਹ ਮਸ਼ਹੂਰ ਜਹਾਜ਼ ਆਲੋਚਕਾਂ ਦੇ ਨਿਸ਼ਾਨੇ 'ਤੇ ਹੈ। ਆਉ ਜਾਣਦੇ ਹਾਂ ਇਹ ਜਹਾਜ਼ ਕਿਹੋ ਜਿਹਾ ਹੈ।

**ਡ੍ਰੀਮਲਾਈਨਰ-787 ਨੂੰ ਕਿਉਂ ਮੰਨਿਆ ਜਾਂਦਾ ਹੈ ਸੱਭ ਤੋਂ ਸੁਰੱਖਿਅਤ?**

ਡ੍ਰੀਮਲਾਈਨਰ-787 ਬਣਾਉਣ ਵਾਲੀ ਕੰਪਨੀ ਬੋਇੰਗ ਦਾ ਦਾਅਵਾ ਹੈ ਕਿ 14 ਸਾਲਾਂ ਤੋਂ ਵੀ ਘੱਟ ਸਮੇਂ ਵਿਚ, ਡ੍ਰੀਮਲਾਈਨਰ ਜਹਾਜ਼ਾਂ ਨੇ ਹੁਣ ਤਕ ਇਕ ਅਰਬ ਤੋਂ ਵੱਧ ਲੋਕਾਂ ਨੂੰ ਯਾਤਰਾ ਕਰਵਾਈ ਹੈ। ਵਰਤਮਾਨ ਵਿਚ, ਦੁਨੀਆਂ ਵਿਚ ਲਗਭਗ 11 ਸੌ ਡ੍ਰੀਮਲਾਈਨਰ ਉਡਾਣ ਭਰ ਰਹੇ ਹਨ। ਬੋਇੰਗ ਦੇ ਅਨੁਸਾਰ, ਡ੍ਰੀਮਲਾਈਨਰ-787 ਨੇ ਲਗਭਗ 50 ਲੱਖ ਉਡਾਣਾਂ ਭਰੀਆਂ ਹਨ। ਕੰਪਨੀ ਦਾ ਦਾਅਵਾ ਹੈ ਕਿ ਹਵਾਬਾਜ਼ੀ ਖੇਤਰ ਵਿਚ ਹੁਣ ਤਕ ਕਿਸੇ ਵੀ ਜਹਾਜ਼ ਨੇ ਇਹ ਉਪਲਬਧੀ ਹਾਸਲ ਨਹੀਂ ਕੀਤੀ ਹੈ। ਜੋ ਇਸ ਜਹਾਜ਼ ਨੂੰ ਖ਼ਾਸ ਬਣਾਉਂਦੀ ਹੈ। ਕੰਪਨੀ ਦਾ ਦਾਅਵਾ ਹੈ ਕਿ ਇਸ ਦੇ ਹਲਕੇ ਅਤੇ ਮਜ਼ਬੂਤ ਢਾਂਚੇ ਦੇ ਕਾਰਨ, ਇਹ ਉਨ੍ਹਾਂ ਜਹਾਜ਼ਾਂ ਨਾਲੋਂ 25 ਫ਼ੀ ਸਦੀ ਘੱਟ ਈਂਧਨ ਦੀ ਖਪਤ ਕਰਦਾ ਹੈ ਜੋ ਜਿਨ੍ਹਾਂ ਦੀ ਜਗ੍ਹਾ ਇਸ ਨੇ ਲਈ ਹੈ। ਅੱਜ, ਡ੍ਰੀਮਲਾਈਨਰ-787 ਦੁਨੀਆਂ ਭਰ ਵਿਚ 425 ਤੋਂ ਵੱਧ ਨਵੇਂ ਨਾਨ-ਸਟਾਪ ਰੂਟਾਂ 'ਤੇ ਉਡਾਣ ਭਰਦਾ ਹੈ। ਇਨ੍ਹਾਂ ਵਿਚੋਂ ਬਹੁਤ ਸਾਰੇ ਰੂਟ ਪੂਰੀ ਤਰ੍ਹਾਂ ਨਵੇਂ ਹਨ। ਕੰਪਨੀ ਦਾ ਕਹਿਣਾ ਹੈ ਕਿ ਇਸ ਕੋਲ ਅਜੇ ਵੀ 889 ਡ੍ਰੀਮਲਾਈਨਰਾਂ ਦਾ ਬੈਕਲਾਗ ਹੈ।

**ਡ੍ਰੀਮਲਾਈਨਰ-787 'ਚ 2013 ਵਿਚ ਪਹਿਲੀ ਵਾਰ ਆਈ ਸੀ ਬੈਟਰੀ ਦੀ ਸਮੱਸਿਆ**

ਬੋਇੰਗ ਦਾ 787-8 ਡ੍ਰੀਮਲਾਈਨਰ 2011 ਵਿਚ ਏਅਰ ਇੰਡੀਆ ਦੇ ਬੇੜੇ ਵਿਚ ਸ਼ਾਮਲ ਕੀਤਾ ਗਿਆ ਸੀ। ਏਅਰ ਇੰਡੀਆ ਦੇ ਬੇੜੇ ਵਿਚ 27 787-8 ਡ੍ਰੀਮਲਾਈਨਰ ਸ਼ਾਮਲ ਹਨ। ਵਰਤਮਾਨ ਵਿਚ, ਏਅਰ ਇੰਡੀਆ ਟਾਟਾ ਸਮੂਹ ਦੀ ਮਲਕੀਅਤ ਹੈ। ਇਸ ਸਮੂਹ ਕੋਲ ਪਹਿਲਾਂ ਵਿਸਤਾਰਾ ਏਅਰਲਾਈਨਜ਼ ਨਾਮ ਦੀ ਇਕ ਕੰਪਨੀ ਸੀ। ਵਿਸਤਾਰਾ ਏਅਰਲਾਈਨਜ਼ 2024 ਵਿਚ ਬੰਦ ਹੋ ਗਈ ਸੀ। ਵਿਸਤਾਰਾ ਏਅਰਲਾਈਨਜ਼ ਦੇ ਬੇੜੇ ਵਿਚ ਕੁੱਲ ਛੇ 787-9 ਡ੍ਰੀਮਲਾਈਨਰ ਸ਼ਾਮਲ ਸਨ। ਬੋਇੰਗ 787 ਡ੍ਰੀਮਲਾਈਨਰ ਨੂੰ ਇੱਕ ਬਹੁਤ ਹੀ ਭਰੋਸੇਮੰਦ ਅਤੇ ਸ਼ਕਤੀਸ਼ਾਲੀ ਜਹਾਜ਼ ਮੰਨਿਆ ਜਾਂਦਾ ਹੈ ਪਰ 2013 ਵਿਚ, ਇਸ ਦੇ ਬੈਟਰੀ ਸਿਸਟਮ ਵਿਚ ਕੁੱਝ ਸਮੱਸਿਆ ਸਾਹਮਣੇ ਆਈ ਸੀ।

ਜਾਪਾਨ ਵਿਚ 787 ਡ੍ਰੀਮਲਾਈਨਰ ਵਿਚ ਦੋ ਵਾਰ ਤਕਨੀਕੀ ਨੁਕਸ ਦੇਖੇ ਗਏ। ਜਾਪਾਨ ਵਿਚ ਖੜ੍ਹੇ ਇਕ ਜਹਾਜ਼ ਦੀ ਬੈਟਰੀ ਵਿਚ ਅੱਗ ਲੱਗ ਗਈ ਸੀ। ਇਕ ਹੋਰ ਘਟਨਾ ਵਿਚ, ਡ੍ਰੀਮਲਾਈਨਰ ਦੇ ਬੈਟਰੀ ਸਿਸਟਮ ਵਿਚ ਨੁਕਸ ਪੈਣ ਤੋਂ ਬਾਅਦ ਜਹਾਜ਼ ਨੂੰ ਐਮਰਜੈਂਸੀ ਲੈਂਡਿੰਗ ਕਰਨੀ ਪਈ। ਉਸੇ ਸਮੇਂ, ਅਮਰੀਕੀ ਕੰਪਨੀ ਯੂਨਾਈਟਿਡ ਏਅਰਲਾਈਨਜ਼ ਦੇ ਬੋਇੰਗ-787 ਦੀ ਮੁੱਖ ਬੈਟਰੀ ਵਿਚ ਨੁਕਸ ਸੀ। ਇਸ ਨੂੰ ਦੇਖਦੇ ਹੋਏ, ਜਾਪਾਨ ਅਤੇ ਅਮਰੀਕਾ ਨੇ ਅਪਣੀਆਂ ਉਡਾਣਾਂ 'ਤੇ ਪਾਬੰਦੀ ਲਗਾ ਦਿਤੀ ਸੀ। ਬੋਇੰਗ ਨੇ ਬੈਟਰੀ ਸਿਸਟਮ ਵਿਚ ਸੁਧਾਰ ਕੀਤਾ, ਫਿਰ ਅਪ੍ਰੈਲ 2013 ਵਿਚ ਡ੍ਰੀਮਲਾਈਨਰ ਨੂੰ ਉਡਾਣ ਭਰਨ ਦੀ ਇਜਾਜ਼ਤ ਦਿਤੀ ਗਈ।



# ਬਿਹਾਰ ਵਿਚ ਸੜਕ ਹਾਦਸੇ ਵਿਚ ਪੰਜ ਜਣਿਆਂ ਦੀ ਮੌਤ, ਗੱਡੀ ਦਾ ਟਾਇਰ ਫਟਣ ਕਾਰਨ ਹੋਇਆ ਹਾਦਸਾ



**ਪਟਨਾ।** ਬਿਹਾਰ ਦੇ ਸਾਰਨ ਵਿੱਚ ਇੱਕ ਸੜਕ ਹਾਦਸਾ ਵਾਪਰਿਆ ਹੀ, ਜਿਸ ਵਿੱਚ ਪੰਜ ਲੋਕਾਂ ਦੀ ਮੌਤ ਹੋ ਗਈ। 15 ਤੋਂ ਵੱਧ ਲੋਕ ਜ਼ਖਮੀ ਹੋਏ ਹਨ। ਮ੍ਰਿਤਕਾਂ ਵਿੱਚ ਤਿੰਨ ਔਰਤਾਂ ਅਤੇ ਇੱਕ ਬੱਚਾ ਸ਼ਾਮਿਲ ਹੈ। ਜ਼ਖਮੀਆਂ ਵਿੱਚੋਂ 2 ਦੀ ਹਾਲਤ ਗੰਭੀਰ ਹੈ, ਜਿਨ੍ਹਾਂ ਨੂੰ ਪਟਨਾ ਰੈਫਰ ਕਰ ਦਿੱਤਾ ਗਿਆ ਹੈ। ਇਹ ਹਾਦਸਾ ਛਪਰਾ-ਹਾਜੀਪੁਰ -19 'ਤੇ ਵਾਪਰਿਆ। ਨਯਾਗਾਓਂ ਥਾਣਾ ਖੇਤਰ ਦੇ ਬਾਜਿਤਪੁਰ ਚਾਰ-ਮਾਰਗੀ 'ਤੇ ਇੱਕ ਪਿਕਅੱਪ ਵੈਨ ਪਲਟ ਗਈ। ਦੱਸਿਆ ਜਾ ਰਿਹਾ ਹੈ ਕਿ ਗੱਡੀ ਤੇਜ਼ ਰਫ਼ਤਾਰ ਨਾਲ ਚੱਲ ਰਹੀ ਸੀ। ਬਾਜੀਤਪੁਰ ਨੇੜੇ ਅਚਾਨਕ ਪਿਕਅੱਪ ਦਾ ਟਾਇਰ ਫਟ ਗਿਆ, ਜਿਸ ਕਾਰਨ ਗੱਡੀ ਸੰਤੁਲਨ ਗੁਆ ਬੈਠੀ ਅਤੇ ਪਲਟ ਗਈ। ਸਾਰੇ ਲੋਕ ਡਿਘਵਾੜਾ ਤੋਂ ਮੱਕੀ ਲੱਦ ਕੇ ਆਏ ਸਨ ਅਤੇ ਇਸਨੂੰ ਭੁੰਨੇ ਜਾਣ ਲਈ ਹਾਜੀਪੁਰ ਜਾ ਰਹੇ ਸਨ। ਸੂਚਨਾ ਮਿਲਦੇ ਹੀ ਡਾਇਲ 112 ਪੁਲਿਸ ਟੀਮ ਮੌਕੇ 'ਤੇ ਪਹੁੰਚ ਗਈ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : Devinder Chander
Mob: 07878 456 484

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

## ਦਸੰਬਰ ਤੋਂ ਯੂਨਾਈਟਿਡ ਕਿੰਗਡਮ ਦੀ ਖੁਫੀਆ ਸਰਵਿਸ ਦੀ ਕਮਾਂਡ ਹੋਵੇਗੀ ਮਹਿਲਾ ਪ੍ਰਮੁੱਖ ਕੋਲ



**ਲੰਡਨ।** ਯੂਨਾਈਟਿਡ ਕਿੰਗਡਮ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਪਹਿਲੀ ਵਾਰ ਦੇਸ਼ ਦੀ ਖੁਫੀਆ ਸੇਵਾ (ਐੱਮਆਈ6) ਲਈ ਇੱਕ ਮਹਿਲਾ ਮੁਖੀ ਦੀ ਨਿਯੁਕਤੀ ਦਾ ਐਲਾਨ ਕੀਤਾ ਹੈ। ਬਲੇਸ ਮੈਟਰੇਵੇਲੀ ਯੂਕੇ ਦੇ 116 ਸਾਲਾਂ ਦੇ ਇਤਿਹਾਸ ਵਿੱਚ ਇਹ ਭੂਮਿਕਾ ਨਿਭਾਉਣ ਵਾਲੀ ਪਹਿਲੀ ਮਹਿਲਾ ਹਨ।

ਮੈਟਰੇਵੇਲੀ 1999 ਵਿੱਚ ਐੱਮਆਈ6 ਵਿੱਚ ਸ਼ਾਮਿਲ ਹੋਏ ਸਨ ਅਤੇ ਇਸ ਸਾਲ ਦੇ ਅੰਤ ਵਿੱਚ ਸਰ ਰਿਚਰਡ ਮੂਰ ਦੀ ਥਾਂ ਲੈਣਗੇ। ਪ੍ਰਧਾਨ ਮੰਤਰੀ ਨੇ ਇਸ ਨਿਯੁਕਤੀ ਨੂੰ ਇਤਿਹ-ਾਸਕ ਦੱਸਿਆ ਅਤੇ ਕਿਹਾ ਕਿ ਸਾਡੀਆਂ ਖੁਫੀਆ ਸੇਵਾਵਾਂ ਦਾ ਕੰਮ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਮਹੱਤਵਪੂਰਨ ਹੈ।

ਐੱਮਆਈ6 ਦਾ ਕੰਮ ਯੂਕੇ ਦੀ ਸੁਰੱਖਿਆ ਨੂੰ ਵਧਾਉਣ ਲਈ ਵਿਦੇਸ਼ਾਂ ਤੋਂ ਖੁਫੀਆ ਜਾਣਕਾਰੀ ਇਕੱਠੀ ਕਰਨਾ ਹੈ। ਇਸਦਾ ਉਦੇਸ਼ ਅੱਤਵਾਦ ਨੂੰ ਰੋਕਣਾ, ਦੁਸ਼ਮਣ ਦੇਸ਼ਾਂ ਦੀਆਂ ਗਤੀਵਿਧੀਆਂ ਦੀ ਨਿਗਰਾਨੀ ਕਰਨਾ ਅਤੇ ਸਾਈਬਰ ਸੁਰੱਖਿਆ ਨੂੰ ਮਜ਼ਬੂਤ ਕਰਨਾ ਹੈ। ਐੱਮਆਈ6 ਦੇ ਮੁਖੀ ਨੂੰ ਆਮ ਤੌਰ 'ਤੇ 'ਸੀ' ਕਿਹਾ ਜਾਂਦਾ ਹੈ।ਇਹ ਸੰਗਠਨ ਦੀ ਇਕਲੌਤੀ ਜਨਤਕ ਤੌਰ 'ਤੇ ਨਾਮਜ਼ਦ ਮੈਂਬਰ ਹੈ। ਉਹ ਵਿਦੇਸ਼ ਸਕੱਤਰ ਨੂੰ ਰਿਪੋਰਟ ਕਰਦੇ ਹਨ। ਮੈਟਰੇਵੇਲੀ ਵਰਤਮਾਨ ਵਿੱਚ 'ਕਿਊ' (ਥ) ਵਜੋਂ ਤਕਨਾਲਾਜੀ ਅਤੇ ਨਵੀਨਤਾ ਵਿਭਾਗ ਦੀ ਡਾਇਰੈਕਟਰ ਹਨ ਅਤੇ ਪਹਿਲਾਂ ਐੱਮਆਈ5 ਵਿੱਚ ਡਾਇਰੈਕਟਰ-ਪੱਧਰ ਦੀ ਭੂਮਿਕਾ ਨਿਭਾਅ ਚੁੱਕੇ ਹਨ।

## ਪਟਾਕਾ ਫ਼ੈਕਟਰੀ 'ਚ ਹੋਇਆ ਧਮਾਕਾ, 5 ਔਰਤਾਂ ਦੀ ਮੌਤ ਤੇ 12 ਤੋਂ ਵੱਧ ਜ਼ਖ਼ਮੀ



**ਅਮਰੋਹਾ।** ਅਮਰੋਹਾ ਵਿਚ ਇਕ ਪਟਾਕਿਆਂ ਦੀ ਫ਼ੈਕਟਰੀ ਵਿਚ ਧਮਾਕਾ ਹੋਇਆ ਹੈ। ਧਮਾਕਾ ਇੰਨਾ ਜ਼ੋਰਦਾਰ ਸੀ ਕਿ ਫ਼ੈਕਟਰੀ ਦੀ ਇਮਾਰਤ ਅਤੇ ਟੀਨ ਦਾ ਸ਼ੈੱਡ ਪੂਰੀ ਤਰ੍ਹਾਂ ਮਲਬੇ ਵਿਚ ਬਦਲ ਗਿਆ। ਇਸ ਹਾਦਸੇ ਵਿਚ 5 ਔਰਤਾਂ ਦੀ ਮੌਤ ਹੋ ਗਈ ਹੈ। 12 ਤੋਂ ਵੱਧ ਗੰਭੀਰ ਜ਼ਖਮੀ ਹਨ। ਜ਼ਖਮੀਆਂ ਨੂੰ ਜ਼ਿਲ੍ਹਾ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ, ਜਿੱਥੇ ਕਈਆਂ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ। ਪਟਾਕਿਆਂ ਦੀ ਫ਼ੈਕਟਰੀ ਅਤਰਸੀ ਪਿੰਡ ਤੋਂ 2 ਕਿਲੋਮੀਟਰ ਦੂਰ ਜੰਗਲ ਵਿਚ ਸਥਿਤ ਹੈ। ਸਵੇਰੇ ਫੈਕਟਰੀ ਵਿੱਚ ਲਗਭਗ 25 ਮਰਦ ਅਤੇ ਔਰਤ ਮਜ਼ਦੂਰ ਕੰਮ ਕਰ ਰਹੇ ਸਨ। ਇਸ ਦੌਰਾਨ, ਇਕ ਮਜ਼ਦੂਰ ਦੇ ਬੱਚੇ ਨੇ ਪਟਾਕੇ ਚਲਾਏ। ਇਸ ਤੋਂ ਬਾਅਦ, ਨੇੜੇ ਰੱਖੇ ਪਟਾਕਿਆਂ ਅਤੇ ਪਟਾਕੇ ਬਣਾਉਣ ਲਈ ਰੱਖੇ ਬਾਰੂਦ ਨੂੰ ਅੱਗ ਲੱਗ ਗਈ। ਧਮਾਕਾ ਲਗਭਗ 15 ਮਿੰਟ ਤਕ ਜਾਰੀ ਰਿਹਾ। ਧਮਾਕੇ ਤੋਂ ਬਾਅਦ, ਫ਼ੈਕਟਰੀ ਦਾ ਮਲਬਾ 300 ਮੀਟਰ ਤਕ ਫੈਲ ਗਿਆ। ਕਈ ਮਜ਼ਦੂਰ ਮਲਬੇ ਹੇਠ ਦੱਬ ਗਏ। ਚੀਕਾਂ ਸੁਣ ਕੇ ਪਿੰਡ ਵਾਸੀ ਮੌਕੇ 'ਤੇ ਪਹੁੰਚ ਗਏ। ਲੋਕਾਂ ਨੇ ਪੁਲਿਸ ਨੂੰ ਸੂਚਿਤ ਕੀਤਾ। ਜ਼ਿਲ੍ਹਾ ਪ੍ਰਸ਼ਾਸਨ ਅਤੇ ਪੁਲਿਸ ਦੀਆਂ ਟੀਮਾਂ ਮੌਕੇ 'ਤੇ ਪਹੁੰਚੀਆਂ ਅਤੇ ਮਲਬੇ ਹੇਠ ਦੱਬੇ ਮਜ਼ਦੂਰਾਂ ਨੂੰ ਬਾਹਰ ਕੱਢਣ ਲਈ ਮੁਹਿੰਮ ਸ਼ੁਰੂ ਕੀਤੀ। ਡੀਐਮ ਨਿਧੀ ਗੁਪਤਾ ਅਤੇ ਐਸਪੀ ਅਮਿਤ ਕੁਮਾਰ ਆਨੰਦ ਮੌਕੇ 'ਤੇ ਮੌਜੂਦ ਹਨ। ਫਾਇਰ ਬ੍ਰਿਗੇਡ ਦੀ ਟੀਮ ਰਾਹਤ ਅਤੇ ਬਚਾਅ ਕਾਰਜਾਂ ਵਿਚ ਲੱਗੀ ਹੋਈ ਹੈ।

## ਸਫ਼ਾਈ ਇੰਸਪੈਕਟਰ 15 ਹਜ਼ਾਰ ਰੁਪਏ ਰਿਸ਼ਵਤ ਲੈਂਦਾ ਵਿਜੀਲੈਂਸ ਬਿਊਰੋ ਵੱਲੋਂ ਰੰਗੇ ਹੱਥੀਂ ਕਾਬੂ



**ਚੰਡੀਗੜ੍ਹ।** ਪੰਜਾਬ ਵਿਜੀਲੈਂਸ ਬਿਊਰੋ ਨੇ ਭ੍ਰਿਸ਼ਟਾਚਾਰ ਵਿਰੁੱਧ ਜਾਰੀ ਆਪਣੀ ਮੁਹਿੰਮ ਦੌਰਾਨ ਨਗਰ ਕੌਂਸਲ ਜਲਾਲਾਬਾਦ, ਜ਼ਿਲ੍ਹਾ ਫਾਜ਼ਿਲਕਾ ਵਿਖੇ ਤਾਇਨ-ਾਤ ਸਫ਼ਾਈ (ਸੈਨੀਟੇਸ਼ਨ) ਇੰਸਪੈਕਟਰ ਗੁਰਬਿੰਦਰ ਸਿੰਘ ਨੂੰ 15,000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਗ੍ਰਿਫ਼ਤਾਰ ਕੀਤਾ ਹੈ। ਅੱਜ ਇੱਥੇ ਇਸ ਬਾਰੇ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਜਲਾਲ-ਾਬਾਦ ਦੇ ਇੱਕ ਨਿਵਾਸੀ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਤੋਂ ਬਾਅਦ ਇਹ ਗ੍ਰਿਫ਼ਤਾਰੀ ਕੀਤੀ ਗਈ ਹੈ।

ਉਨ੍ਹਾਂ ਅੱਗੇ ਕਿਹਾ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਾਇਆ ਕਿ ਉਕਤ ਇੰਸਪੈਕਟਰ ਨੇ ਸ਼ਹਿਰ ਵਿੱਚ ਉਸ ਵੱਲੋਂ ਕੀਤੇ ਗਏ ਸਫ਼ਾਈ ਕਾਰਜਾਂ ਦੇ ਬਿੱਲ ਪਾਸ ਕਰਨ ਬਦਲੇ ਉਸਤੋਂ 20,000 ਰੁਪਏ ਰਿਸ਼ਵਤ ਮੰਗੀ ਸੀ ਪਰ ਉਸ ਵੱਲੋਂ ਮਿੰਨਤਾਂ ਕਰਨ ਤੇ ਉਹ 15000 ਰੁਪਏ ਲੈਣ ਲਈ ਰਾਜ਼ੀ ਹੋ ਗਿਆ ਹੈ। ਬੁਲਾਰੇ ਨੇ ਅੱਗੇ ਦੱਸਿਆ ਕਿ ਇਸ ਸ਼ਿਕ-ਾਇਤ ਦੀ ਮੁੱਢਲੀ ਤਸਦੀਕ ਤੋਂ ਬਾਅਦ ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾਇਆ ਜਿਸ ਦੌਰਾਨ ਉਕਤ ਮੁਲਜ਼ਮ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 15000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ। ਇਸ ਸਬੰਧੀ ਨਗਰ ਕੌਂਸਲ ਦੇ ਉਕਤ ਕਰਮਚਾਰੀ ਵਿਰੁੱਧ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਵਿਜੀਲੈਂਸ ਬਿਊਰੋ ਦੇ ਥਾਣਾ ਫਿਰੋਜ਼ਪੁਰ ਰੇਂਜ ਵਿਖੇ ਕੇਸ ਦਰਜ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਮੁਲਜ਼ਮ ਨੂੰ ਭਲਕੇ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਅਤੇ ਕੇਸ ਦੀ ਅਗਲੇਰੀ ਜਾਂਚ ਜਾਰੀ ਹੈ।

SHAM LAL CHANDER ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161

# ਬੈਂਕ ਡਕੈਤੀ ਦਾ ਮਾਮਲਾ : ਕਪੂਰਥਲਾ ਪੁਲਿਸ ਵੱਲੋਂ ਲੋੜੀਂਦੇ 3 ਦੋਸ਼ੀ ਲੁੱਟ ਖੋਹ ਕੀਤੀ ਭਾਰਤੀ ਕਰੰਸੀ ਅਤੇ ਹਥਿਆਰਾਂ ਸਮੇਤ ਗ੍ਰਿਫਤਾਰ

## ਦੋ ਦੋਸ਼ੀਆਂ ਨੂੰ ਮਥੁਰਾ ਤੋਂ ਕੀਤਾ ਕਾਬੂ – ਹੁਣ ਤੱਕ 28 ਲੱਖ 67 ਹਜ਼ਾਰ ਰੁਪੈ ਬਰਾਮਦ, 2 ਪਿਸਟਲ ਵੀ ਬਰਾਮਦ

**ਕਪੂਰਥਲਾ (ਕੌੜਾ)–** ਸ਼੍ਰੀ ਗੌਰਵ ਤੂਰਾ.ਆਈ.ਪੀ.ਐਸ., ਸੀਨੀਅਰ ਪੁਲਿਸ ਕਪਤਾਨ ਕਪੂਰਥਲਾ ਨੇ ਦੱਸਿਆ ਹੈ ਕਿ ਫਗਵਾੜਾ ਦੇ ਰਿਹਾਣਾ ਜੱਟਾਂ ਵਿਖੇ ਹੋਈ ਬੈਂਕ ਡਕੈਤੀ ਸਬੰਧੀ ਹੁਣ ਤੱਕ 3 ਦੋਸ਼ੀਆਂ ਨੂੰ ਕਾਬੂ ਕਰਕੇ ਲੁੱਟੇ ਗਏ 28 ਲੱਖ 67 ਹਜ਼ਾਰ ਰੁਪੈ ਬਰਾਮਦ ਕਰ ਲਏ ਗਏ ਹਨ ।
ਅੱਜ ਇੱਥੇ ਪ੍ਰੈੱਸ ਕਾਨਫਰੰਸ ਦੌਰਾਨ ਉਨ੍ਹਾਂ ਦੱਸਿਆ ਕਿ ਵਾਰਦਾਤ ਵਿੱਚ ਸ਼ਾਮਿਲ 2 ਦੋਸ਼ੀਆਂ ਨੂੰ ਉੱਤਰ ਪ੍ਰਦੇਸ਼ ਦੇ ਮਥੁਰਾ ਤੋਂ ਕਾਬੂ ਕੀਤਾ ਗਿਆ ਹੈ । ਇਸ ਵਾਰਦਾਤ ਵਿਚ ਵਰਤੀ ਗਈ ਵਰਨਾ ਕਾਰ , ਇਨ-ਵਾ , 2 ਪਿਸਟਲ 32 ਬੋਰ , 2 ਜ਼ਿੰਦਾ ਕਾਰਤੂਸ ਤੇ ਲੁੱਟ ਦੀ 28 ਲੱਖ 67 ਹਜ਼ਾਰ ਰੁਪੈ ਬਰਾਮਦ ਕਰਕੇ ਕੇਸ ਨੂੰ ਸੁਲਝਾ ਲਿਆ ਗਿਆ ਹੈ ।
ਉਨ੍ਹਾਂ ਦੱਸਿਆ ਕਿ 30 ਮਈ ਨੂੰ ਤਿੰਨ ਨਕਾਬਪੋਸ਼ ਵਿਅਕਤੀਆਂ ਨੇ ਐਚ.ਡੀ.ਐਫ.ਸੀ ਬੈਂਕ ਰਿਹਾਣਾ ਜੱਟਾਂ ਵਿਖੇ ਲੁੱਟ ਦੀ ਘਟਨਾ ਨੂੰ ਅੰਜਾਮ ਦਿੱਤਾ ਸੀ, ਜਿਸ ਦੇ ਸਬੰਧ ਵਿੱਚ ਥਾਣਾ ਰਾਵਲਪਿੰਡੀ ਵਿਖੇ ਮੁਕੱਦਮਾ ਨੰਬਰ 45 ਮਿਤੀ 30.05.2025 ਅ/ਧ 309(4) ਬੀ.ਐਨ.ਐਸ ਵਾਧਾ ਜੁਰਮ 317(2) ਬੀ.ਐਨ.ਐਸ, 25 ਅਸਲਾ ਐਕਟ ਥਾਣਾ ਰਾਵਲਪਿੰਡੀ ਜਿਲਾ ਕਪੂਰਥਲਾ ਵਿਖੇ ਦਰਜ ਕੀਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਵਾਰਦਾਤ ਨੂੰ ਟਰੇਸ ਕਰਨ ਲਈ ਪ੍ਰਭਜੋਤ ਸਿੰਘ ਵਿਰਕ, ਪੀ.ਪੀ.ਐਸ, ਪੁਲਿਸ ਕਪਤਾਨ ਤਫਤੀਸ਼ ਕਪੂਰਥਲਾ, ਸ਼੍ਰੀਮਤੀ ਰੁਪਿੰਦਰ ਕੌਰ ਭੱਟੀ, ਪੀ.ਪੀ.ਐਸ., ਪੁਲਿਸ ਕਪਤਾਨ ਸਬ ਡਵੀਜਨ ਫਗਵਾੜਾ ਨੂੰ ਸਪੈਸ਼ਲ ਹਦਾਇਤਾਂ ਦਿੱਤੀਆਂ ਗਈਆਂ ਸਨ ਜਿਹਨਾਂ ਦੀ ਨਿਗਰਾਨੀ ਵਿੱਚ ਸ਼੍ਰੀ ਭਾਰਤ ਭੂਸ਼ਣ ਪੀ.ਪੀ.ਐਸ.
ਉੱਪ ਪੁਲਿਸ ਕਪਤਾਨ ਸਬ ਡਵੀਜਨ ਫਗਵਾੜਾ, ਸ਼੍ਰੀ ਪਰਮਿੰਦਰ ਸਿੰਘ ਪੀ.ਪੀ.ਐਸ. ਉੱਪ ਪੁਲਿਸ ਕਪਤਾਨ ਤਫਤੀਸ਼ ਕਪੂਰਥਲਾ, ਇੰਸਪੈਕਟਰ ਜਰਨੈਲ ਸਿੰਘ ਇੰਚਾਰਜ ਸੀ.ਆਈ.ਏ. ਸਟਾਫ ਕਪੂਰਥਲਾ ਅਤੇ ਐਸ.ਆਈ. ਮੇਜਰ ਸਿੰਘ ਮੁੱਖ ਅਫਸਰ ਥਾਣਾ ਰਾਵਲਪਿੰਡੀ ਦੀਆਂ ਟੀਮਾਂ ਗਠਿਤ ਕਰਕੇ ਮੁਕੱਦਮਾ ਨੂੰ ਹਰ ਐਂਗਲ ਤੋਂ ਟੈਕਨੀਕਲ ਢੰਗ ਨਾਲ ਟਰੇਸ ਕਰਦੇ ਹੋਏ ਮੁਕੱਦਮਾ ਵਿੱਚ ਗੁਰਮਿੰਦਰ ਸਿੰਘ ਪੁੱਤਰ ਲੇਟ ਕੁਲਦੀਪ ਸਿੰਘ ਵਾਸੀ ਕਾਹਲਵਾਂ ਥਾਣਾ ਕਰਤਾਰਪੁਰ ਜਿਲਾ ਜਲੰਧਰ ਦਿਹਾਤੀ ਨੂੰ ਮਿਤੀ 07.06.2025 ਨੂੰ ਗ੍ਰਿਫਤਾਰ ਕਰਕੇ ਉਸ ਦੇ ਕਬਜਾ ਵਿੱਚੋਂ ਬੈਂਕ ਤੋਂ ਲੁੱਟ ਕੀਤੀ ਗਈ ਰਕਮ ਵਿੱਚੋਂ 13 ਲੱਖ 10 ਹਜਾਰ ਰੁਪਏ ਅਤੇ ਇੱਕ ਦੇਸੀ ਪਿਸਟਲ 32 ਬੋਰ ਸਮੇਤ 02 ਜਿੰਦਾ ਰੌਂਦ ਬ੍ਰਾਮਦ ਕੀਤਾ ਗਿਆ। ਉਸ ਪਾਸੋਂ ਡੂੰਘਾਈ ਨਾਲ ਪੁੱਛਗਿੱਛ ਕਰਕੇ ਨਵਜੋਤ ਸਿੰਘ ਪੁੱਤਰ ਸੰਤੋਖ ਸਿੰਘ ਵਾਸੀ ਕਾਹਲਵਾਂ ਥਾਣਾ ਕਰਤਾਰਪੁਰ ਜਿਲਾ ਜਲੰਧਰ ਦਿਹਾਤੀ ਅਤੇ ਜੋਰ-ਾਵਰ ਸਿੰਘ ਸੋਢੀ ਪੁੱਤਰ ਗੁਰਦੇਵ ਸਿੰਘ ਵਾਸੀ ਧਾਲੀਵਾਲ ਕਾਦੀਆਂ ਜਿਲ੍ਹ ਜਲੰਧਰ ਦਿਹਾਤੀ ਨੂੰ ਉਕਤ ਮੁਕੱਦਮਾ ਵਿੱਚ ਨਾਮਜਦ ਕਰਕੇ ਇਹਨਾਂ ਨੂੰ ਮਥੁਰਾ (ਉੱਤਰ ਪ੍ਰਦੇਸ਼) ਤੋਂ ਕਾਰ ਇੰਨੋਵਾ ਕਰਿਸਟਾ ਰੰਗ ਚਿੱਟਾ ਨੰਬਰੀ ਫਭ 08 ਢਭ 0039 ਸਮੇਤ ਕਾਬੂ ਕੀਤਾ ਅਤੇ ਲੁੱਟ ਦੀ ਰਾਸ਼ੀ ਦੇ 2,02,000/-ਰੁਪਏ ਨਗਦ ਬ੍ਰਾਮਦ ਕੀਤੇ ਗਏ । ਇਹਨਾਂ ਪਾਸੋਂ ਡੂੰਘਾਈ ਨਾਲ ਪੁੱਛਗਿੱਛ ਕਰਕੇ ਵਾਰਦਾਤ ਵਿੱਚ ਵਰਤੀ ਗਈ ਕਾਰ ਵਰਨਾ ਬਿਨਾ ਨੰਬਰੀ ਅਤੇ ਲੁੱਟ ਖੋਹ ਕੀਤੀ ਗਈ ਰਕਮ ਵਿੱਚੋਂ 13 ਲੱਖ 55 ਹਜਾਰ ਰੁਪਏ ਅਤੇ 01 ਪਿਸਟਲ 32 ਬੋਰ ਬ੍ਰਾਮਦ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਹੁਣ ਤੱਕ ਕੀਤੀ ਗਈ ਤਫਤੀਸ਼ ਦੌਰਾਨ ਕੁੱਲ 28 ਲੱਖ 67 ਹਜਾਰ ਰੁਪਏ, 02 ਪਿਸਟਲ 32 ਬੋਰ ਸਮੇਤ 02 ਜਿੰਦਾ ਰੌਂਦ, ਲੁੱਟ ਵਿੱਚ ਵਰਤੀ ਗਈ ਕਾਰ ਵਰਨਾ ਰੰਗ ਚਿੱਟਾ ਬਿਨ੍ਹਾ ਨੰਬਰੀ ਅਤੇ ਕਾਰ ਇਨੋਵਾ ਕਰਿਸਟਾ ਰੰਗ ਚਿੱਟਾ ਨੰਬਰੀ ਫਭ 08 FB 0039 ਬ੍ਰਾਮਦ ਕੀਤੇ ਜਾ ਚੁੱਕੇ ਹਨ। ਹੁਣ ਤੱਕ ਕੀਤੀ ਗਈ ਤਫਤੀਸ਼ ਅਤੇ ਪੁੱਛਗਿੱਛ ਤੋਂ ਗੁਰਮਿੰਦਰ ਸਿੰਘ ਪੁੱਤਰ ਲੇਟ
ਕੁਲਦੀਪ ਸਿੰਘ ਵਾਸੀ ਕਾਹਲਵਾਂ ਥਾਣਾ ਕਰਤਾਰਪੁਰ ਇਸ ਵਾਰਦਾਤ ਨੂੰ ਅੰਜਾਮ ਦੇਣ ਵਿੱਚ ਮਾਸਟਰ ਮਾਈਂਡ ਮੰਨਿਆ ਗਿਆ ਹੈ ਜਿਸ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਇਸ ਵਾਰਦਾਤ ਨੂੰ ਪਲੈਨ ਕੀਤਾ ਅਤੇ ਅੰਜਾਮ ਦਿੱਤਾ ਹੈ। ਗ੍ਰਿਫਤਾਰ ਕੀਤੇ ਗਏ ਵਿਅਕਤੀਆਂ ਪਾਸੋਂ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ ਜਿਸ ਨਾਲ ਹੋਰ ਵੀ ਸਨਸਨੀਖੇਜ ਖੁਲਾਸੇ ਹੋਣ ਦੀ ਸੰਭਾਵਨਾ ਹੈ।



ਕਪੂਰਥਲਾ ਵਿਖੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਐਸ ਐਸ ਪੀ ਸ੍ਰੀ ਗੌਰਵ ਤੂਰਾ ।

# ਪਿੰਡ ਪਿਪਲੀ ਦੇ ਲੋਕਾਂ ਦੀ ਸਾਰ ਲਵੇ ਪੰਜਾਬ ਸਰਕਾਰ:- ਕਾਮਰੇਡ ਵੀਰ ਸਿੰਘ ਕੰਮੇਅਣਾ

**ਫਰੀਦਕੋਟ (ਸਮਾਜ ਵੀਕਲੀ)** ਅੱਜ ਨਰੇਗਾ ਰੁਜ਼ਗਾਰ ਪ੍ਰਾਪਤ ਮਜਦੂਰ ਯੂਨੀਅਨ ਫ਼ਰੀਦਕੋਟ ਦੇ ਜ਼ਿਲਾ ਪ੍ਰਧਾਨ ਕਾਮਰੇਡ ਵੀਰ ਸਿੰਘ ਕੰਮੇਆਣਾ, ਆਪਣੇ ਸਾਥੀਆਂ ਸਮੇਤ ਪਿੰਡ ਪਿਪਲੀ ਪਹੁੰਚੇ। ਜਿਥੇ ਓਨਾਂ ਨਰੇਗਾ ਮਜ਼ਦੂਰਾਂ ਦੀ ਦੁਖ ਭਰੀ ਦਾਸਤਾਨ ਸੁਣੀ।

ਨਰੇਗਾ ਮਜਦੂਰਾਂ ਨੇ ਦੱਸਿਆਂ ਕਿ ਓਨਾਂ ਦੇ ਚਾਰ ਮਹੀਨੇ ਦੇ ਪੈਸੇ ਹਾਲੇ ਤੱਕ ਨਹੀ ਖਾਤਿਆਂ ਵਿਚ ਨਹੀ ਆਏ, ਓਹ ਮੰਗ ਮੰਗ ਕੇ ਮੁਸ਼ਕਿਲ ਨਾਲ ਗੁਜਾਰਾ ਕਰ ਰਹੇ ਹਨ। ਸਾਨੂੰ ਤਿੰਨ ਮਹੀਨੇ ਬਾਦ ਪੰਜ ਕਿਲੋ ਇਕ ਜੀਅ ਮਗਰ ਇਕ ਮਹੀਨੇ ਦੀ ਕਣਕ ਮਿਲਦੀ , ਓਹ ਵੀ ਨਸ਼ੇ ਵਿਚ ਲੱਗੇ ਸਾਡੇ ਬੱਚੇ ਵੇਚ ਦਿੰਦੇ ਨੇ , ਸਾਡੀ ਪੰਜਾਬ ਸਰਕਾਰ ਦੇ ਨੁਮਾਇੰਦਿਆਂ ਅੱਗੇ ਬੇਨਤੀ ਹੈ ਕਿ ਨਸ਼ੇ ਬੰਦ ਕੀਤੇ ਜਾਣ । ਸਾਡੇ ਨਰੇਗਾ ਦੇ ਪੈਸੇ ਜਲਦ ਖਾਤਿਆਂ ਵਿਚ ਪਾਏ ਜਾਣ । ਕਾਮਰੇਡ ਵੀਰ ਸਿੰਘ ਕੰਮੇਅਣਾ ਨੇ ਪੰਜਾਬ ਸਰਕਾਰ ਤੇ ਕੇਂਦਰ ਸਰਕਾਰ ਨੂੰ ਗੁਹਾਰ ਲਗਾਈ ਹੈ ਕਿ ਨਰੇਗਾ ਮਜ਼ਦੂਰ ਜਿਥੇ ਕੰਮ ਕਰਦੇ ਹਨ, ਉਥੇ ਹੀ ਹਾਜਰੀ ਲਗਵਾਈ ਜਾਵੇ, ਕਈ ਬਜੁਰਗ ਔਰਤਾ ਤੇ ਬੰਦਿਆਂ ਨੂੰ ਹਾਜਰੀ ਲਗਵਾਉਣ ਲਈ ਤਿੰਨ ਚਾਰ ਕਿਲੋਮੀਟਰ ਤੋ ਤੁਰ ਕੇ ਹਾਜਰੀ ਲਗਵਾਉਣ ਲਈ ਜਾਣਾ ਪੈਦਾ। ਅਸੀ ਸਰਕਾਰ ਅੱਗੇ ਬੇਨਤੀ ਕਰਦੇ ਹਾਂ ਕਿ ਸਰਕਾਰ ਏਨਾਂ ਦੀ ਘੱਟ ਤੋ ਘੱਟ ਸੱਤ ਸੌ ਦਿਹਾੜੀ ਕਰੇ ਅਤੇ 200 ਦਿਨ ਦੀ ਗਰੰਟੀ ਰੋਜ਼ਗਾਰ ਦੇਵੇ।ਇਸ ਤੋ ਬਾਅਦ ਏਨਾਂ ਦੇ ਸਾਥੀ ਬਲਕਾਰ ਸਿੰਘ ਸਹੋਤਾ ਨੇ ਪੰਜਾਬ ਸਰਕਾਰ ਨੂੰ ਬੇਨਤੀ ਕੀਤੀ ਕਿ ਏਨਾਂ ਦੇ ਬਣਦੇ ਹੱਕ ਪੱਕਾ ਰੁਜ਼ਗਾਰ, ਮਕਾਨ ਬਣਾ ਕੇ ਦਿੱਤੇ ਜਾਣ ਤਾਂ ਕਿ ਸਹੀ ਜਿੰਦਗੀ ਜੀਣ ਦੇ ਕਾਬਿਲ ਹੋਣ ਤੇ ਆਪਣੇ ਬੱਚਿਆਂ ਨੂੰ ਸਹੀ ਢੰਗ ਨਾਲ ਪੜ੍ਹਾ ਸਕਣ ਅਤੇ ਚੰਗੇ ਨਾਗਰਿਕ ਬਣਾਉਣ ਵਿਚ ਸਹਾਈ ਹੋ ਸਕਣ। ਇਸ ਸਮੇ ਕੁਲਦੀਪ ਕੌਰ,ਕੁਲਵਿੰਦਰ ਕੌਰ, ਗੁਰਵਿੰਦਰ ਕੌਰ, ਗੁਰਦੀਪ ਸਿੰਘ,ਵੀਰਪਾਲ ਕੌਰ, ਲਵਪ੍ਰੀਤ ਕੌਰ, ਪਰਮਜੀਤ ਪੰਮਾ ਤੇ ਚਮਕੌਰ ਸਿੰਘ ਆਦਿ ਹਾਜ਼ਰ ਸਨ।





The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਅਮਰੀਕਾ ਕਬੱਡੀ ਫੈਡਰੇਸ਼ਨ ਕੈਂਟਨ ਮਿਸੀਸਿਪੀ ਕੱਪ 2025 : ਬਿੱਲਾ ਆ





**ਅਮਰੀਕਾ (ਹਰਜਿੰਦਰ ਪਾਲ ਛਾਬੜਾ)** ਇੰਟਰਨੈਸ਼ਨਲ ਕਬੱਡੀ ਪ੍ਰੋਮੋਟਰ ਬਿੱਲਾ ਆ ਜਿਹਨਾ ਨੇ ਅਮਰੀਕਾ ਕਬੱਡੀ ਫੈਡਰੇਸ਼ਨ ਕੈਂਟਨ ਮਿਸੀਸਿਪੀ ਕੱਪ 2025 ਜੋ ਕੇ ਮਿਤੀ 14 ਸਿਤੰਬਰ 2025 ਨੂੰ ਦਿਨ ਐਤਵਾਰ ਨੂੰ ਕਰਵਾਇਆ ਜਾ ਰਿਹਾ ਹੈ। ਜਿਸ ਵਿੱਚ ਮਸ਼ਹੂਰ ਕਬੱਡੀ ਖਿਡਾਰੀ ਆਪਣੇ ਆਪਣੇ ਬਲ ਦਾ ਪ੍ਰਦਰਸ਼ਿਤ ਕਰਨਗੇ । ਇਸ ਤੋ ਇਲਾਵਾ ਇਸ ਕਬੱਡੀ ਕੱਪ ਦੇ ਅਯੋਜਨ ਲਈ ਕਬੱਡੀ ਪ੍ਰੋਮੋਟਰ ਬਿੱਲਾ ਆ ਨੂੰ ਸਹਿਯੋਗ ਦਿੱਤਾ ਕਬੱਡੀ ਪ੍ਰੋਮੋਟਰ ਰਾਜਬੀਰ ਰਾਜੂ ਏ ਆਰ ਅਤੇ ਕਬੱਡੀ ਪ੍ਰੋਮੋਟਰ ਬੱਬੂ ਖੇੜਾ ਜੀ ਨੇ ।




# ਗੁਰਪ੍ਰੀਤ ਸਿੰਘ ਉਰਫ ਗੋਪੀ ਨੂੰ ਕੀਤਾ ਪੁਲਿਸ ਨੇ ਗ੍ਰਿਫਤਾਰ



**ਹੁਸ਼ਿਆਰਪੁਰ / ਦਸੂਹਾ ( ਤਰਸੇਮ ਦੀਵਾਨਾ )** ਸੰਦੀਪ ਕੁਮਾਰ ਮਲਿਕ ਆਈ.ਪੀ.ਐਸ ਸੀਨੀਅਰ ਪੁਲਿਸ ਕਪਤਾਨ ਹੁਸ਼ਿਆਰਪੁਰ ਦੇ ਦਿਸ਼ਾ ਨਿਰਦੇਸ਼ਾ ਤੇ ਮੁਕੇਸ਼ ਕੁਮਾਰ ਐਸ.ਪੀ ਨਵੈਸਟੀਗੇਸ਼ਨ ਅਤੇ ਡੀ. ਐਸ. ਪੀ. ਦਸੂਹਾ ਦੀਆ ਹਦਾਇਤਾਂ ਮੁਤਾਬਿਕ ਇੰਸਪੈਕਟਰ ਰਜਿੰਦਰ ਸਿੰਘ ਮੁੱਖ ਅਫਸਰ ਥਾਣਾ ਦਸੂਹਾ ਦੀ ਅਗਵਾਈ ਹੇਠ ਨਸ਼ਾ ਵੇਚਣ ਵਾਲਿਆ ਖਿਲਾਫ ਚਲਾਈ ਗਈ ਮੁਹਿੰਮ "ਯੁੱਧ ਨਸ਼ਿਆ ਵਿਰੁੱਧ ਤਹਿਤ ਏ.ਐਸ.ਆਈ ਰਵਿੰਦਰ ਸਿੰਘ ਨੇ ਪੁਲਿਸ ਪਾਰਟੀ ਨਾਲ ਮੁਲਜਮ ਗੁਰਪ੍ਰੀਤ ਸਿੰਘ ਉਰਫ ਗੋਪੀ ਪੁਤਰ ਕਸ਼ਮੀਰ ਸਿੰਘ ਵਾਸੀ ਫਤਿਹਗੜ ਦਸੂਹਾ ਜਿਲਾ ਹੁਸਿਆਰਪੁਰ ਕੋਲੋ ਇਕ ਸਿਲਵਰ ਪੰਨੀ, ਲਾਈਟਰ ਅਤੇ 10 ਰੁਪਏ ਦਾ ਭਾਰਤੀ ਕਰੰਸੀ ਨੋਟ ਨੂੰ ਬ੍ਰਾਮਦ ਕਰਕੇ ਐਨ.ਡੀ.ਪੀ.ਐਸ ਐਕਟ ਤਹਿਤ ਮੁਕੱਦਮਾ ਦਰਜ ਰਜਿਸਟਰ ਕੀਤਾ ਗਿਆ ਹੈ, ਪੁਲਿਸ ਅਧਿਕਾਰੀਆਂ ਨੇ ਨੇ ਦੱਸਿਆ ਕਿ ਉਕਤ ਵਿਅਕਤੀ ਕੋਲੋ ਡੂੰਘਾਈ ਨਾਲ ਪੁੱਛਗਿੱਛ ਕਰਕੇ ਉਕਤ ਨੂੰ ਨਸ਼ਾ ਛੁਡਾਓ ਕੇਂਦਰ ਸਿਵਲ ਹਸਪਤਾਲ ਦਸੂਹਾ ਦਾਖਲ ਕਰਵਾਇਆ ਜਾਵੇਗਾ।

**ਫੋਟੋ ਅਜਮੇਰ ਦੀਵਾਨਾ**

# ਸ਼੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ 'ਚ ਪਿਤਾ ਦਿਵਸ ਮਨਾਇਆ

**ਕਪੂਰਥਲਾ ( ਕੌੜਾ )** – ਰੇਲ ਕੋਚ ਫੈਕਟਰੀ ਸਾਹਮਣੇ ਸਥਿਤ ਸ਼੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਵੱਲੋਂ ਪਿਤਾ ਦਿਵਸ ਸਬੰਧੀ ਪ੍ਰੋਗਰਾਮ ਕਰਵਾਇਆ ਗਿਆ । ਇਸ ਦੌਰਾਨ ਵਿਦਿਆਰਥੀਆਂ ਨੇ ਵੱਖ-ਵੱਖ ਗਤੀਵਿਧੀਆਂ ਵਿੱਚ ਹਿੱਸਾ ਲਿਆ । ਕੇ ਜੀ ਵਿੰਗ ਦੇ ਵਿਦਿਆਰਥੀਆਂ ਨੇ ਪਿਤਾ ਦਿਵਸ ਸਬੰਧੀ ਕਾਰਡ ਬਣਾਏ, ਪ੍ਰਾਇਮਰੀ ਅਤੇ ਸੀਨੀਅਰ ਵਿੰਗ ਦੇ ਵਿਦਿਆਰਥੀਆਂ ਨੇ ਆਪਣੇ ਪਿਤਾ ਨਾਲ ਸਮਾਂ ਬਿਤਾਉਂਦੇ ਹੋਏ ਵੱਖ ਵੱਖ ਗਤੀਵਿਧੀਆਂ ਵਿਚ ਹਿੱਸਾ ਲਿਆ । ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਡਾਇਰੈਕਟਰ ਸਕੂਲ ਇੰਜੀਨੀਅਰ ਹਰਨਿਆਮਤ ਕੌਰ, ਪ੍ਰਸਾਸ਼ਕ ਇੰਜੀਨੀਅਰ ਨਿਮਰਤਾ ਕੌਰ ਅਤੇ ਪ੍ਰਿੰਸੀਪਲ ਪ੍ਰਬਦੀਪ ਕੌਰ ਮੋਂਗਾ ਨੇ ਵਿਦਿਆਰਥੀਆਂ ਅਤੇ ਉਨਾਂ ਦੇ ਮਾਪਿਆਂ ਨੂੰ ਪਿਤਾ ਦਿਵਸ ਦੀ ਵਧਾਈ ਦਿੱਤੀ ਅਤੇ ਵਿਦਿਆਰਥੀਆਂ ਨੂੰ ਸੁਨੇਹਾ ਦਿੱਤਾ ਕਿ ਸਾਨੂੰ ਆਪਣੇ ਅਧਿਆਪਕਾਂ ਅਤੇ ਮਾਤਾ-ਪਿਤਾ ਦਾ ਹਮੇਸ਼ਾ ਹੀ ਸਤਿਕਾਰ ਕਰਨਾ ਚਾਹੀਦਾ ਹੈ ।



**ਸ਼੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਵੱਲੋਂ ਆਯੋਜਿਤ ਪਿਤਾ ਦਿਵਸ ਸਬੰਧੀ ਸਮਾਗਮ ਦੀਆਂ ਝਲਕੀਆਂ ।**

# ਸ਼੍ਰੋਮਣੀ ਅਕਾਲੀ ਦਲ ਹੀ ਪੰਜਾਬ ਦਾ ਅਸਲੀ ਵਾਰਿਸ ਹੈ : ਸੁਖਬੀਰ ਸਿੰਘ ਬਾਦਲ

## ਭਗਵੰਤ ਮਾਨ ਕੇਵਲ ਨਾਮ ਦਾ ਮੁੱਖ ਮੰਤਰੀ ਹੀ ਰਹਿ ਗਿਆ ਹੈ, ਕੇਜਰੀਵਾਲ ਨੇ ਉਸ ਦੇ ਹੱਥ ਬੰਨ ਰੱਖੇ ਹਨ : ਬਿਕਰਮਜੀਤ ਸਿੰਘ ਖਾਲਸਾ

**ਲੁਧਿਆਣਾ (ਗੁਰਭਿੰਦਰ ਗੁਰੀ)** ਹਲਕਾ ਲੁਧਿਆਣਾ ਪੱਛਮੀ ਦੀ ਹੋ ਰਹੀ ਜ਼ਿਮਨੀ ਚੋਣ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਐਡਵੋਕੇਟ ਪਰਉਪਕਾਰ ਸਿੰਘ ਘੁੰਮਣ ਦੇ ਹੱਕ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਘੁਮਾਣ ਮੰਡੀ ਵਿਖੇ ਸਾਬਕਾ ਸੰਸਦੀ ਸਕੱਤਰ ਅਤੇ ਪੰਜਾਬ ਲੋਕ ਸੇਵਾ ਕਮਿਸ਼ਨ ਦੇ ਸਾਬਕਾ ਮੈਂਬਰ ਬਿਕਰਮਜੀਤ ਸਿੰਘ ਖਾਲਸਾ ਦੇ ਗ੍ਰਹਿ ਵਿਖੇ ਇੱਕ ਵਰਕਰ ਮਿਲਣੀ ਕੀਤੀ ਗਈ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਹਰਜਿੰਦਰ ਸਿੰਘ ਧਾਮੀ ਵੀ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ। ਇਸੇ ਮੌਕੇ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਜੇਕਰ ਪੰਜਾਬ ਨੂੰ ਬਚਾਉਣਾ ਹੈ ਤਾਂ ਲੋਕਾਂ ਨੂੰ ਇਕ ਵਾਰ ਫਿਰ ਅਕਾਲੀ ਦਲ ਨੂੰ ਸੱਤਾ ਵਿੱਚ ਲਿਆਉਣਾ ਚਾਹੀਦਾ ਹੈ। ਅਕਾਲੀ ਦਲ ਹੀ ਇਕੋ-ਇਕ ਅਜਿਹੀ ਪਾਰਟੀ ਹੈ, ਜੋ ਪਿੰਡਾਂ ਅਤੇ ਸ਼ਹਿਰਾਂ ਦੋਵਾਂ ਦਾ ਵਿਕਾਸ ਚਾਹੁੰਦੀ ਹੈ। ਅਕਾਲੀ ਦਲ ਦੇ ਸਮੇਂ ਲੁਧਿਆਣਾ ਵਿੱਚ ਜਿੰਨੇ ਪੁਲ ਅਤੇ ਸੜਕਾਂ ਬਣੀਆਂ ਹਨ, ਉਹ ਪਹਿਲਾਂ ਕਦੇ ਨਹੀਂ ਬਣੀਆਂ। ਸ਼ਹਿਰਾਂ ਦੇ ਵਿਕਾਸ ਲਈ ਅਕਾਲੀ ਦਲ ਦਾ ਸੱਤਾ ਵਿੱਚ ਆਉਣਾ ਜ਼ਰੂਰੀ ਹੈ, ਕਿਉਂਕਿ ਸ਼੍ਰੋਮਣੀ ਅਕਾਲੀ ਦਲ ਹੀ ਪੰਜਾਬ ਦਾ ਅਸਲੀ ਵਾਰਿਸ ਹੈ। ਉਨ੍ਹਾਂ ਕਿਹਾ ਕਿ ਅੱਜ ਇਹ ਗੱਲ ਸਾਹਮਣੇ ਆਈ ਹੈ ਕਿ ਜਗਰਾਓਂ ਨੇੜੇ ਪ੍ਰਦਰਸ਼ਨ ਕਰ ਰਹੇ ਕਿਸਾਨਾਂ 'ਤੇ ਲਾਠੀਚਾਰਜ ਕੀਤਾ ਗਿਆ ਹੈ, ਜੋਕਿ ਨਿੰਦਣਯੋਗ ਹੈ। ਅਕਾਲੀ ਦਲ ਹਮੇਸ਼ਾ ਹੀ ਲੋਕ ਹਿੱਤ ਵਿੱਚ ਕੰਮ ਕਰਨ ਵਾਲੀ ਪਾਰਟੀ ਰਹੀ ਹੈ। ਇਸ ਮੌਕੇ ਪ੍ਰਧਾਨ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਸਿੱਖ ਕੌਮ ਅਤੇ ਪੰਜਾਬ ਦੇ ਹਿੱਤਾਂ ਦੀ ਰਾਖੀ ਕਰਨ ਵਾਲੀ ਇੱਕੋ ਇੱਕ ਖੇਤਰੀ ਪਾਰਟੀ ਹੈ, ਇਸ ਲਈ ਹਲਕਾ ਲੁਧਿਆਣਾ ਦੀ ਹੋ ਰਹੀ ਜ਼ਿਮਨੀ ਚੋਣ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਐਡਵੋਕੇਟ ਪਰਉਪਕਾਰ ਸਿੰਘ ਘੁੰਮਣ ਨੂੰ ਆਪਣੇ ਕੀਮਤੀ ਵੋਟ ਪਾ ਕੇ ਜੇਤੂ ਬਣਾਓ। ਬਿਕਰਮਜੀਤ ਸਿੰਘ ਖਾਲਸਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬ ਨੂੰ ਵਿਕਾਸ ਪੱਖੋਂ ਮੋਹਰੀ ਕਤਾਰ ਵਿੱਚ ਖੜ੍ਹਾ ਕੀਤਾ ਸੀ, ਪਰੰਤੂ ਆਪ ਦੀ ਮੌਜੂਦਾ ਸਰਕਾਰ ਨੇ ਰੰਗਲਾ ਪੰਜਾਬ ਬਣਾਉਣ ਦੀ ਥਾਂ ਤੇ ਗੰਧਲਾ ਪੰਜਾਬ ਬਣਾ ਕੇ ਰੱਖ ਦਿੱਤਾ ਹੈ। ਉਨ੍ਹਾਂ ਕਿਹਾ ਕਿ ਆਪ ਸਰਕਾਰ ਵੱਲੋਂ ਚਲਾਇਆ ਜਾ ਰਿਹਾ ਯੁੱਧ ਨਸ਼ਿਆਂ ਵਿਰੁੱਧ ਤੇ ਸਿੱਖਿਆ ਕ੍ਰਾਂਤੀ ਵਰਗੀਆਂ ਮੁਹਿੰਮਾ ਸਿਰਫ ਇਸ਼ਤਿਹਾਰਾਂ ਦੇ ਬੋਰਡਾਂ ਤੱਕ ਹੀ ਸੀਮਿਤ ਰਹਿ ਗਈਆਂ ਹਨ। ਖਾਲਸਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਕੇਂਦਰੀ ਟੀਮ ਦਾ ਕੰਮ ਕੇਵਲ ਪੰਜਾਬ ਦੇ ਸਰਮਾਏ ਨੂੰ ਲੁੱਟ ਕੇ ਦਿੱਲੀ ਲੈ ਜਾਣ ਦਾ ਹੈ, ਇਹ ਪਾਰਟੀ ਆਪਣੇ ਨਿੱਜੀ ਵਿਕਾਸ਼ ਤੇ ਲੱਗੀ ਹੋਈ ਹੈ, ਪੰਜਾਬ ਦੇ ਵਿਕਾਸ ਨਾਲ ਇਸ ਦਾ ਕੋਈ ਸਾਰੋਕਾਰ ਨਹੀਂ ਹੈ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਕੇਵਲ ਨਾਮ ਦਾ ਮੁੱਖ ਮੰਤਰੀ ਹੀ ਰਹਿ ਗਿਆ ਹੈ, ਕੇਜਰੀਵਾਲ ਨੇ ਉਸ ਦੇ ਹੱਥ ਬੰਨ ਰੱਖੇ ਹਨ। ਉਨ੍ਹਾਂ ਕਿਹਾ ਕਿ ਜੇਕਰ ਤੁਸੀਂ ਪੰਜਾਬ ਅਤੇ ਲੁਧਿਆਣਾ ਦਾ ਵਿਕਾਸ ਚਾਹੁੰਦੇ ਹੋ ਤਾਂ ਸ਼੍ਰੋਮਣੀ ਅਕਾਲੀ ਦਲ ਅਤੇ ਐਡਵੋਕੇਟ ਪਰਉਪਕਾਰ ਸਿੰਘ ਘੁੰਮਣ ਨੂੰ ਅੱਗੇ ਲੈ ਕੇ ਆਓ। ਅਖੀਰ ਵਿੱਚ ਬਿਕਰਮਜੀਤ ਸਿੰਘ ਖਾਲਸਾ ਵੱਲੋਂ ਮੀਟਿੰਗ ਵਿੱਚ ਸਮੁੱਚੀ ਲੀਡਰਸ਼ਿਪ ਅਤੇ ਪਾਰਟੀ ਵਰਕਰਾਂ ਦਾ ਧੰਨਵਾਦ ਕਰਨ ਉਪਰੰਤ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਪ੍ਰਧਾਨ ਭਾਈ ਹਰਜਿੰਦਰ ਸਿੰਘ ਧਾਮੀ ਦਾ ਸਿਰੋਪਾਓ ਅਤੇ ਸ੍ਰੀ ਸਾਹਿਬ ਨਾਲ ਸਨਮਾਨ ਕੀਤਾ ਗਿਆ। ਇਸ ਮੌਕੇ ਯੂਥ ਪ੍ਰਧਾਨ ਸਰਬਜੀਤ ਸਿੰਘ ਝਿੰਝਰ, ਐਸਜੀਪੀਸੀ ਮੈਂਬਰ ਅਮਰਜੀਤ ਸਿੰਘ ਚਾਵਲਾ, ਐਸਜੀਪੀਸੀ ਮੈਂਬਰ ਜੱਥੇਦਾਰ ਜਗਜੀਤ ਸਿੰਘ ਤਲਵੰਡੀ, ਰਾਜਵਿੰਦਰ ਸਿੰਘ ਫਰੀਦਕੋਟ, ਯਾਦਵਿੰਦਰ ਸਿੰਘ ਯਾਦੂ, ਤੀਰਥ ਸਿੰਘ ਮਾਹਲਾ, ਸ਼ੇਰ ਸਿੰਘ ਮੰਡਵਾਲਾ, ਜਤਿੰਦਰ ਸਿੰਘ ਬਾਜਵਾ, ਆਰਪੀਐਸ ਧਾਲੀਵਾਲ, ਜਸਕਰਨ ਸਿੰਘ ਦਿਓਲ, ਸਤਨਾਮ ਸਿੰਘ ਰਾਹੀ, ਜਗਦੀਪ ਸਿੰਘ ਕਾਉਂਕੇ, ਕੰਵਲਜੀਤ ਸਿੰਘ, ਰਣਬੀਰ ਸਿੰਘ ਰਾਣਾ ਆਦਿ ਤੋਂ ਇਲਾਵਾ ਵੱਡੀ ਗਿਣਤੀ 'ਚ ਪਾਰਟੀ ਵਰਕਰ ਹਾਜ਼ਰ ਸਨ।



# ਸਰਕਾਰੀ ਅਦਾਰਿਆਂ ਨੂੰ ਨਿੱਜੀ ਠੇਕੇਦਾਰਾਂ ਦੇ ਹੱਥ ਸੌਂਪਣ ਦੇ ਨਤੀਜੇ

**ਸੰਗਰੂਰ।** ਸਰਕਾਰਾਂ ਵੱਲੋਂ ਸਰਕਾਰੀ ਅਦਾਰਿਆਂ ਨੂੰ ਨਿੱਜੀ ਠੇਕੇਦਾਰਾਂ ਦੇ ਹੱਥ ਸੌਂਪਣ ਅਤੇ ਲੁਟਾਉਣ ਦਾ ਨਤੀਜਾ ਦੇਸ਼ ਵਿਦੇਸ਼ ਦੇ ਸੈਂਕੜੇ ਨਿਰਦੋਸ਼ ਨਾਗਰਿਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਜਾਨਾਂ ਗਵਾ ਕੇ ਭੁਗਤਣਾ ਪਿਆ ਹੈ। ਸਾਨੂੰ ਇਹ ਵਿਗਿਆਨਕ ਤੱਥ ਸਮਝਣ ਦੀ ਬੇਹੱਦ ਲੋੜ ਹੈ ਕਿ ਨਿਰਦੋਸ਼ ਯਾਤਰੀਆਂ ਦੀ ਅਜਿਹੀ ਮੌਤ ਨਾ ਤਾਂ ਕਿਸੇ ਅਖੌਤੀ ਬਿਓਮਾਤਾ /ਪਰਮਾਤਮਾ ਨੇ ਉਨ੍ਹਾਂ ਦੀ ਕਿਸਮਤ ਵਿੱਚ ਲਿਖੀ ਹੋਈ ਸੀ, ਨਾ ਹੀ ਕਿਸੇ ਜੋਤਸ਼ੀ ਨੇ ਅਜਿਹੀ ਕੋਈ ਭਵਿਖਬਾਣੀ ਕੀਤੀ ਸੀ ਅਤੇ ਨਾ ਹੀ ਉਨ੍ਹਾਂ ਸਾਰਿਆਂ ਦੀਆਂ ਜਨਮ ਕੁੰਡਲੀਆਂ ਇੱਕ ਸਨ ਕਿ ਇਕੋ ਜਿਹੀ ਮੌਤ ਲਿਖੀ ਸੀ ਅਸੀਂ ਸਾਮਰਾਜ ਪੱਖੀ ਹਕੂਮਤਾਂ, ਮੁਨਾਫ਼ਾਖੋਰ ਕਾਰਪੋਰੇਟ ਘਰਾਣਿਆਂ ਅਤੇ ਵਿਸ਼ੇਸ਼ ਕਰਕੇ ਪਾਖੰਡੀ ਜੋਤਸ਼ੀਆਂ,ਬਾਬਿਆਂ ਨੂੰ ਸਵਾਲ ਕਰਦੇ ਹਾਂ ਜਿਹੜੇ ਅਜਿਹੀਆਂ ਗੈਰ ਕੁਦਰਤੀ ਘਟਨਾਵਾਂ ਅਤੇ ਮੌਤਾਂ ਨੂੰ ਕਿਸੇ ਅਖੌਤੀ ਰੱਬ ਦੇ ਭਾਣੇ ਜਾਂ ਪਿਛਲੇ ਜਨਮ ਦੇ ਕਰਮਾਂ ਦੇ ਖਾਤੇ ਵਿੱਚ ਪਾ ਕੇ ਲੋਕਾਂ ਨੂੰ ਗੁੰਮਰਾਹ ਕਰਦੇ ਹਨ। ਅਜਿਹੇ ਮੌਕੇ ਸਮੂਹ ਵਰਗਾਂ ਦੇ ਲੋਕਾਂ ਨੂੰ ਇਹ ਤੱਥ ਸਮਝਣਾ ਚਾਹੀਦਾ ਹੈ ਕਿ ਕਾਰਪੋਰੇਟ ਅਦਾਰਿਆਂ ਦਾ ਇਕੋ ਇਕ ਮਕਸਦ ਘੱਟ ਤੋਂ ਘੱਟ ਸਟਾਫ਼, ਖਰਚਿਆਂ ਵਿੱਚ ਕਟੌਤੀ ਕਰਕੇ ਵੱਧ ਤੋਂ ਵੱਧ ਮੁਨਾਫਾ ਕਮਾਉਣਾ ਹੁੰਦਾ ਹੈ ਅਤੇ ਉਨ੍ਹਾਂ ਨੂੰ ਲੋਕਾਂ ਦੀਆਂ ਜਾਨਾਂ ਦੀ ਕੋਈ ਪਰਵਾਹ ਨਹੀਂ ਹੁੰਦੀ। ਕੁਝ ਲੱਖ ਦਾ ਮੁਆਵਜ਼ਾ ਦੇਣ ਨਾਲ ਉਨ੍ਹਾਂ ਦੀਆਂ ਕੀਮਤੀ ਜਾਨਾਂ ਵਾਪਸ ਨਹੀਂ ਆ ਸਕਦੀਆਂ। ਮੁਆਵਜ਼ਾ ਦੇਣ ਦਾ ਮਤਲਬ ਪੀੜਤ ਲੋਕਾਂ ਦੇ ਸਰਕਾਰਾਂ ਵਿਰੁੱਧ ਤਿੱਖੇ ਗੁੱਸੇ ਨੂੰ ਸ਼ਾਂਤ ਕਰਨਾ ਹੁੰਦਾ ਹੈ ਅਤੇ ਆਪਣੀ ਜਵਾਬਦੇਹੀ ਤੋਂ ਬਚਣਾ ਹੁੰਦਾ ਹੈ। ਇਸ ਲਈ ਤਮਾਮ ਦੋਸ਼ੀ ਅਧਿਕਾਰੀਆਂ,ਮੰਤਰੀਆਂ ਅਤੇ ਜਹਾਜ਼ ਕੰਪਨੀ ਦੇ ਮਾਲਕਾਂ ਉਤੇ ਅਪਰਾਧਿਕ ਕੇਸ ਚਲਣਾ ਚਾਹੀਦਾ ਹੈ। ਤਮਾਮ ਲੋਕ ਪੱਖੀ ਜਮਹੂਰੀ ਜਨਤਕ ਤਾਕਤਾਂ ਨੂੰ ਅਜਿਹੇ ਲੋਕ ਮਾਰੂ ਨਿੱਜੀਕਰਨ ਦੇ ਵਿਰੁੱਧ ਜਨਤਕ ਅਤੇ ਜਥੇਬੰਦਕ ਪੱਧਰ ਤੇ ਅਵਾਜ਼ ਬੁਲੰਦ ਕਰਨ ਦੀ ਲੋੜ ਹੈ ਨਹੀਂ ਤਾਂ ਲੋਕ ਨਿੱਜੀਕਰਨ ਦੀ ਭੇਂਟ ਚੜਕੇ ਇਵੇਂ ਹੀ ਨਜਾਇਜ਼ ਮਰਦੇ ਰਹਿਣਗੇ।

**ਮਾਸਟਰ ਪਰਮ ਵੇਦ**
**ਤਰਕਸ਼ੀਲ ਆਗੂ**
9417422349

# ਗੁਰੂ ਅਰਜਨ ਦੇਵ ਜੀ ਅਤੇ ਜੂਨ 84 ਘੱਲੂਘਾਰਾ ਦੇ ਸਮੂਹ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਖ਼ੂਨਦਾਨ ਕੈਂਪ ਲਾਇਆ

## ਖ਼ੂਨਦਾਨ ਕਰਨ ਵਾਲੇ ਦਾਨੀ ਸੱਜਣ ਲੋੜਵੰਦ ਮਰੀਜ਼ਾਂ ਲਈ ਫਰਿਸ਼ਤੇ ਹਨ- ਜੱਥੇਦਾਰ ਨਿਮਾਣਾ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਸ਼ਹੀਦਾਂ ਦੇ ਸਿਰਤਾਜ, ਸ਼ਾਂਤੀ ਦੇ ਪੁੰਜ ਸ਼੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਅਤੇ ਜੂਨ 84 ਘੱਲੂਘਾਰਾ ਦੇ ਸਮੂਹ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਕਰਮਪਾਥ ਫਾਊਂਡੇਸ਼ਨ ਅਤੇ ਭਾਈ ਘਨੱਈਆ ਜੀ ਮਿਸ਼ਨ ਸੇਵਾ ਸੁਸਾਇਟੀ (ਰਜਿ:) ਵੱਲੋਂ ਮੁੱਖ ਸੇਵਾਦ-ਾਰ ਜਥੇਦਾਰ ਤਰਨਜੀਤ ਸਿੰਘ ਨਿਮਾਣਾ ਦੀ ਅਗਵਾਈ ਹੇਠ 811ਵਾਂ ਮਹਾਨ ਖ਼ੂਨਦਾਨ ਕੈਂਪ ਗੁਰਦੁਆਰਾ ਪ੍ਰੇਮਸਾਗਰ ਤਪ ਅਸਥਾਨ ਬਾਬਾ ਕਰੋੜਾ ਸਿੰਘ ਜੀ ਪਿੰਡ ਪਮਾਲ ਲੁਧਿਆਣਾ ਵਿਖੇ ਡਾ: ਹਰਦੀਪ ਸਿੰਘ ਪਮਾਲ, ਹਰਜਿੰਦਰ ਸਿੰਘ ਘੁਮਾਣ ਵੱਲੋਂ ਗ੍ਰਾਮ ਪੰਚਾਇਤ ਅਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਲਗਾਇਆ ਗਿਆ। ਇਸ ਮੌਕੇ ਤੇ ਮੁੱਖ ਮਹਿਮਾਨ ਜਥੇਦਾਰ ਤਰਨਜੀਤ





ਸਿੰਘ ਨਿਮਾਣਾ ਮੁੱਖ ਸੇਵਾਦਾਰ ਭਾਈ ਘਨੱਈਆ ਜੀ ਮਿਸ਼ਨ ਸੇਵਾ ਸੁਸਾਇਟੀ ਅਤੇ ਗਗਨਦੀਪ ਆਹਲੂਵਾਲੀਆ ਪ੍ਰਧਾਨ ਕਰਮਪਾਥ ਫਾਊਂਡੇਸ਼ਨ ਨੇ ਮਹਾਨ ਖ਼ੂਨਦਾਨ ਕੈਂਪ ਦਾ ਉਦਘਾਟਨ ਕਰਦਿਆਂ ਸ਼ਹੀਦਾਂ ਦੀ ਯਾਦ ਵਿੱਚ ਮਨੁੱਖਤਾ ਦੇ ਭਲੇ ਲਈ ਲਗਾਏ ਗਏ ਮਹਾਨ ਖ਼ੂਨਦਾਨ ਕੈਂਪ ਦੀ ਸ਼ਾਲਾਘਾ ਕਰਦਿਆਂ ਕਿਹਾ ਕਿ ਖ਼ੂਨਦਾਨੀ ਲੋੜਵੰਦ ਮਰੀਜ਼ਾਂ ਲਈ ਫ਼ਰਿਸ਼ਤੇ ਹਨ। ਇਸ ਮੌਕੇ ਤੇ ਵਿਸ਼ੇਸ਼ ਤੌਰ ਤੇ ਪੁੱਜੇ ਵਿਧਾਇਕ ਮਨਪ੍ਰੀਤ ਸਿੰਘ ਇਆਲੀ ਨੇ ਖ਼ੂਨਦਾਨ ਕਰਨ ਵਾਲੇ 40 ਪ੍ਰਾਣੀਆਂ ਦੀ ਹੌਸਲਾ ਅਫਜ਼ਾਈ ਕਰਦਿਆਂ ਸਰਟੀਫਿਕੇਟ ਅਤੇ ਯਾਦਗਾਰੀ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਤੇ ਸੁਸਾਇਟੀ ਦੇ ਸੇਵਾਦਾਰ ਬਲਦੇਵ ਸਿੰਘ ਸੰਧੂ ਨੇ ਦੱਸਿਆ ਖ਼ੂਨਦਾਨ ਕੈਂਪ ਦੌਰਾਨ ਇਕੱਤਰ ਕੀਤਾ ਗਿਆ ਖ਼ੂਨ ਲੋੜਵੰਦ ਮਰੀਜ਼ਾਂ ਨੂੰ ਨਿਸ਼ਕਾਮ ਰੂਪ ਵਿੱਚ ਦਿੱਤਾ ਜਾਵੇਗਾ। ਇਸ ਮੌਕੇ ਤੇ ਜਸਵੀਰ ਸਿੰਘ ਢਿੱਲੋਂ, ਸ਼੍ਰੀਮਤੀ ਨਿੰਮੀ, ਸ਼੍ਰੀਮਤੀ ਬਬੀਤਾ, ਸ਼੍ਰੀਮਤੀ ਪੂਨਮ, ਸ਼੍ਰੀਮਤੀ ਰੇਨੂ, ਜਰਨੈਲ ਸਿੰਘ ਜੈਲੀ, ਗੁਰਮੀਤ ਸਿੰਘ ਮਾਨ, ਜਗਤਾਰ ਸਿੰਘ ਪਮਾਲ, ਬੀਬੀ ਬਲਜੀਤ ਕੌਰ ਗੁੜੇ, ਬੀਬੀ ਜਸਪ੍ਰੀਤ ਕੌਰ ਭਨੋਰ, ਬੀਬੀ ਹਰਪ੍ਰੀਤ ਕੌਰ ਗੋਪਾਲਪੁਰ ਹਾਜ਼ਰ ਸਨ ।

# ਐਡਵੋਕੇਟ ਘੁੰਮਣ ਦੀ ਮੁਸਕਰਾਹਟ ਨੇ ਵਿਰੋਧੀਆਂ ਦੇ ਚਿਹਰੇ 'ਤੇ ਲਿਆਏ ਪਸੀਨੇ

## ਚੋਣ ਰੈਲੀ ਵਿੱਚ ਸਮਰਥਕਾਂ ਦਾ ਜੋਸ਼ ਵੇਖ ਵਿਰੋਧੀਆਂ ਦੇ ਕੈਂਪਾਂ 'ਚ ਚਿੰਤਾ ਦੇ ਛਾਏ ਬੱਦਲ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਵਿਧਾਨ ਸਭਾ ਹਲਕਾ ਪੱਛਮੀ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਐਡਵੋਕੇਟ ਪਰਉਪਕਾਰ ਸਿੰਘ ਘੁੰਮਣ ਨੇ ਆਪਣੀ ਨਿਰਾਲੀ ਚਮਕਦਾਰ ਮੁਸਕਰਾਹਟ ਅਤੇ ਜੋਸ਼ ਭਰੇ ਚੋਣ ਪ੍ਰਚਾਰ ਨਾਲ ਵਿਰੋਧੀਆਂ ਦੇ ਕੰਨ ਖੜੇ ਕਰ ਦਿੱਤੇ ਹਨ। ਐਡਵੋਕੇਟ ਘੁੰਮਣ ਦੇ ਹੱਕ ਵਿੱਚ ਆਰਤੀ ਚੌਂਕ ਤੋਂ ਕੱਢੇ ਗਏ ਰੋਡ ਸ਼ੋਅ, ਰੈਲੀਆਂ ਅਤੇ ਘਰ-ਘਰ ਚੋਣ ਪ੍ਰਚਾਰ ਨੇ ਵੋਟਰਾਂ ਦੀ ਸੋਚ ਵਿੱਚ ਵੱਡਾ ਬਦਲਾਅ ਲਿਆਂਦਾ। ਘੁੰਮਣ ਨੇ ਕਿਹਾ, "ਅਸੀਂ ਹਾਰ ਕੇ ਨਹੀਂ, ਜਿੱਤ ਕੇ ਲਵਾਂਗੇ ਸਾਹ। ਉਨ੍ਹਾਂ ਕਿਹਾ ਕਿ ਹਲਕਾ ਪੱਛਮੀ ਦੇ ਲੋਕ ਸੱਚ ਤੇ ਵਿਕਾਸ ਦੇ ਨਾਲ ਖੜੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੀਆਂ ਨੀਤੀਆਂ ਸਾਫ਼ ਹਨ, ਲੋਕ ਹਲਕੇ ਦੇ ਹਿੱਤ ਨੂੰ ਪਹਿਲ ਦਿੰਦੇ ਹਨ, ਨਾ ਕਿ ਝੂਠੇ ਵਾਅਦੇ ਕਰਨ ਵਾਲੀਆਂ ਪਾਰਟੀਆਂ ਨੂੰ । ਐਡਵੋਕੇਟ ਘੁੰਮਣ ਨੇ ਆਪਣੇ ਸੰਬੋਧਨਾਂ ਦੌਰਾਨ ਆਮ ਆਦਮੀ ਪਾਰਟੀ ਤੇ ਭਾਜਪਾ ਦੋਹਾਂ ਉੱਤੇ ਤਿੱਖੇ ਵਾਰ ਕਰਦੇ ਹੋਏ ਕਿਹਾ ਕਿ ਇੱਕ ਪਾਰਟੀ ਨੇ ਲੋਕਾਂ ਨੂੰ ਸੁਪਨੇ ਵੇਚੇ ਤੇ ਦੂਜੀ ਨੇ ਹਮੇਸ਼ਾਂ ਪੰਜਾਬੀਅਤ ਨਾਲ ਧੋਖਾ ਕੀਤਾ। ਹੁਣ ਲੋਕ ਸਮਝ ਗਏ ਹਨ ਕਿ ਹਕੀਕਤ ਤੇ ਸਚਾਈ ਸਿਰਫ਼ ਸ਼੍ਰੋਮਣੀ ਅਕਾਲੀ ਦਲ ਵਿੱਚ ਹੀ ਹੈ। ਘੁੰਮਣ ਨੇ ਕਿਹਾ ਕਿ ਇਸ ਵਕਤ ਵਿਰੋਧੀਆਂ ਦੇ ਕੈਂਪਾਂ 'ਚ ਚਿੰਤਾ ਦੇ ਕਾਲੇ ਬੱਦਲ ਛਾਏ ਹੋਏ ਹਨ। ਘੁੰਮਣ ਦੀ ਹਰ ਇੱਕ ਮੁਸਕਰ-ਾਹਟ, ਵਿਰੋਧੀਆਂ ਤੇ ਭਾਰੀ ਪੈਂਦੀ ਦਿਖਾਈ ਦੇ ਰਹੀ ਹੈ। ਲੋਕਾਂ ਦੇ ਜਨ





ਸਮਰਥਨ ਨੇ ਸਾਬਤ ਕਰ ਦਿੱਤਾ ਹੈ ਕਿ ਹਲਕਾ ਪੱਛਮੀ ਵਿੱਚ ਜਿੱਤ ਦਾ ਤਾਜ ਸ਼੍ਰੋਮਣੀ ਅਕਾਲੀ ਦਲ ਦੇ ਸਿਰ ਉੱਤੇ ਹੋਵੇਗਾ। ਉਨ੍ਹਾਂ ਦਾ ਨਾਅਰਾ "ਮੈਂ ਨਹੀਂ, ਮੇਰਾ ਹਲਕਾ ਮੇਰੀ ਤਾਕਤ" ਹੁਣ ਲੋਕਾਂ ਦੇ ਮਨ ਵਿੱਚ ਘੁੰਮ ਰਿਹਾ ਹੈ, ਜੋ ਇਹ ਦਰਸਾਉਂਦਾ ਹੈ ਕਿ ਇਹ ਚੋਣ ਨਹੀਂ, ਸੱਚ ਦੀ ਜਿੱਤ ਲਈ ਜੰਗ ਹੈ।

# ਬਲਿਹਾਰ ਸੰਧੀ ਨੇ ਅੰਮ੍ਰਿਪਾਲ ਭੌਂਸਲੇ ਨੂੰ ਹਲਕਾ ਨਕੋਦਰ ਦਾ ਕਾਂਗਰਸ ਵਲੋਂ ਕੋਆਰਡੀਨੇਟਰ ਬਣਾਏ ਜਾਣ 'ਤੇ ਦਿੱਤੀ ਮੁਬਾਰਕਬਾਦ

**ਫਿਲੌਰ/ਅੱਪਰਾ (ਦੀਪਾ)-** ਕਾਂਗਰਸ ਹਾਈਕਮਾਂਡ ਵਲੋਂ ਬੀਤੇ ਦਿਨੀਂ ਸੀਨੀਅਰ ਕਾਂਗਰਸੀ ਆਗੂ ਅੰਮ੍ਰਿਪਾਲ ਭੌਂਸਲੇ ਨੂੰ ਨਕੋਦਰ ਹਲਕੇ ਦਾ ਕੋਆਰਡੀਨੇਟਰ ਨਿਯੁਕਤ ਕੀਤਾ ਗਿਆ ਸੀ । ਉਹ ਪਹਿਲਾਂ ਵਿਧਾਨ ਸਭਾ ਹਲਕਾ ਆਦਮਪੁਰ ਦੇ ਕੋਆਰਡੀਨੇਟਰ ਸਨ । ਸ਼੍ਰੀ ਅੰਮ੍ਰਿਪਾਲ ਭੌਂਸਲੇ ਦੀ ਨਿਯੁਕਤੀ 'ਤੇ ਹੈਂਡੀਕੈਪਡ ਸੋਸਾਇਟੀ (ਰਜ਼ਿ.) ਪੰਜਾਬ ਦੇ ਚੇਅਰਮੈਨ ਤੇ ਅੰਬੇਡਕਰੀ ਆਗੂ ਬਲਿਹਾਰ ਸੰਧੀ ਨੇ ਉਨਾਂ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਕਾਂਗਰਸ ਹਾਈਕਮਾਂਡ ਨੇ ਸ਼੍ਰੀ ਅੰਮ੍ਰਿਪਾਲ



ਨੂੰ ਇਹ ਜਿੰਮੇਵਾਰੀ ਦੇ ਕੇ ਬਹੁਤ ਹੀ ਸ਼ਲਾਘਾਯੋਗ ਕਾਰਜ ਕੀਤਾ ਹੈ । ਉਨਾਂ ਕਿਹਾ ਕਿ ਸ੍ਰੀ ਭੌਂਸਲੇ ਦੁਆਬਾ ਤੇ ਫਿਲੌਰ ਦੀ ਰਾਜਨੀਤੀ ਦੇ ਇੱਕ ਨਿਧੜਕ, ਇਮਾਨਦਾਰ ਤੇ ਇੱਕ ਸੁਲਝੇ ਹੋਏ ਚਿਹਰੇ ਹਨ, ਜੋ ਭਾਰਤੀ ਸੰਵਿਧਾਨ ਨੂੰ ਬਚਾਉਣ ਲਈ ਯਤਨਸ਼ੀਲ ਹਨ । ਉਨਾਂ ਕਿਹਾ ਕਿ ਕਾਰਜਸ਼ੈਲੀ ਹਮੇਸ਼ਾ ਹੀ ਕਾਗਰਸ ਪਾਰਟੀ ਦੀਆਂ ਲੋਕ ਹਿੱਤ ਨੀਤੀਆਂ ਨੂੰ ਘਰ ਘਰ ਪਹੁੰਚਾਉਣ ਦੀ ਹੈ. ਇਸ ਲਈ ਉਹ ਇਸ ਜਿੰਮੇਵਾਰੀ ਦੇ ਹੱਕਦਾਰ ਸਨ । ਉਨਾਂ ਇੱਕ ਵਾਰ ਫਿਰ ਤੋਂ ਸ੍ਰੀ ਭੌਂਸਲੇ ਨੂੰ ਮੁਬਾਰਕਬਾਦ ਦਿੰਦਿਆਂ ਉਨਾਂ ਦੇ ਚੰਗੇਰੇ ਭਵਿੱਖ ਦੀ ਕਾਮਨਾ ਕੀਤੀ ।

# ਫੁੱਟ ਪਾਊ ਤਾਕਤਾਂ ਨੂੰ ਭਾਜ ਦੇਣ ਲਈ ਲੋਕ ਇਨਸਾਫ਼ ਮੰਚ ਵਲੋਂ ਫਿਲੌਰ ਵਿੱਚ ਕੱਢਿਆ ਗਿਆ ਸਮਾਜਿਕ ਸਦਭਾਵਨਾ ਮਾਰਚ

## ਆਪਸੀ ਨਫ਼ਰਤ ਫੈਲਾਉਣ ਤੇ ਭਾਈਚਾਰਕ ਸਾਂਝ ਤੋੜਨ ਵਾਲਿਆਂ ਨੂੰ ਮੂੰਹ ਤੋੜ ਜਵਾਬ ਦੇਵਾਂਗੇ : ਜਰਨੈਲ ਫਿਲੌਰ, ਸੰਜੀਵ ਭੌਰਾ

**ਫਿਲੌਰ/ਅੱਪਰਾ (ਦੀਪਾ)**- ਲੋਕ ਇਨਸਾਫ਼ ਮੰਚ ਤਹਿਸੀਲ ਫਿਲੌਰ ਦੇ ਸੱਦੇ ਤੇ ਸ਼ਹਿਰ ਫਿਲੌਰ ਵਿੱਚ ਸਮਾਜਿਕ ਸਦਭਾਵਨਾ ਮਾਰਚ ਪ੍ਰਧਾਨ ਜਰਨੈਲ ਫਿਲੌਰ ਦੀ ਅਗਵਾਈ ਹੇਠ ਕੱਢਿਆ ਗਿਆ ਜਿਸ ਵਿੱਚ ਫਿਲੌਰ ਇਲਾਕੇ ਲੋਕਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ, ਇਹ ਮਾਰਚ ਨਗਰ ਕੌਂਸਲ ਫਿਲੌਰ ਤੋਂ ਆਰੰਭ ਹੋਇਆ ਤੇ ਬਾਜ਼ਾਰ ਵਿੱਚ ਦੀ ਹੁੰਦਾਂ ਹੋਇਆ ਡਾਕਟਰ ਬੀ ਆਰ ਅੰਬੇਡਕਰ ਚੌਕ ਫਿਲੌਰ ਵਿਖੇ ਸਮਾਪਤ ਹੋਇਆ। ਇਸ ਮੌਕੇ ਜਰਨੈਲ ਫਿਲੌਰ, ਪਰਸ਼ੋਤਮ ਫਿਲੌਰ, ਐਡਵੋਕੇਟ ਸੰਜੀਵ ਭੌਰਾ, ਮਾਸਟਰ ਹੰਸ ਰਾਜ, ਡਾਕਟਰ ਸੰਦੀਪ ਕੁਮਾਰ, ਅਮਰਜੀਤ ਲਾਡੀ, ਜਸਵੰਤ ਬੋਧ,ਡਾਕਟਰ ਅਸ਼ੋਕ ਕੁਮਾਰ, ਹਨੀ ਸੰਤੋਖਪੁਰਾ ਅਤੇ ਰਾਮਜੀ ਦਾਸ ਗੰਨਾ, ਤਰਸੇਮ ਸਿੰਘ ਭਾਰਤੀ



ਕਿਸਾਨ ਯੂਨੀਅਨ ਦੁਆਬਾ, ਰਾਜਵਿੰਦਰ ਸਿੰਘ ਮੁਠੱਡਾ, ਆਦਿ ਆਗੂਆਂ ਨੇ ਆਪਣੇ ਸੰਬੋਧਨ ਵਿੱਚ ਆਖਿਆ ਕਿ ਕੁੱਝ ਫੁੱਟ ਪਾਊ ਤੇ ਦੇਸ਼ ਧਰੋਹੀ ਤਾਕਤਾਂ ਵਲੋਂ ਡਾਕਟਰ ਬੀ ਆਰ ਅੰਬੇਡਕਰ ਜੀ ਦੇ ਬੁੱਤਾਂ ਦੀ ਵਾਰ ਵਾਰ ਬੇਅਦਵੀ ਕਰਕੇ ਪੰਜਾਬ ਦੀ ਭਾਈਚਾਰਕ ਸਾਂਝ ਨੂੰ ਲਾਂਬੂ ਲਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਜਿਸ ਨੂੰ ਕਿਸੇ ਵੀ ਕੀਮਤ ਤੇ ਸਫ਼ਲ ਨਹੀਂ ਹੋਣ ਦਿੱਤਾ ਜਾਵੇਗਾ। ਇਸ ਮੌਕੇ ਆਗੂਆਂ ਨੇ ਕਿਹਾ ਸਾਜਿਸ਼ ਤਹਿਤ ਸਮਾਜਿਕ ਭਾਈਚਾਰੇ ਵਿੱਚ ਨਫ਼ਰਤ ਫੈਲਾਉਣ ਵਾਲਿਆਂ ਦਾ ਮੂੰਹ ਤੋੜਵਾਂ ਜਵਾਬ ਦਿੱਤਾ ਜਾਵੇਗਾ। ਓਹਨਾਂ ਕਿਹਾ ਕਿ ਸਮਾਜ ਵਿਚ ਹਿੰਦੂ, ਮੁਸਲਿਮ, ਸਿੱਖ, ਇਸਾਈ ਅਤੇ ਹੋਰ ਭਾਈਚਾਰਿਆਂ ਦੀ ਸਾਂਝ ਨੂੰ ਹੋਰ ਮਜ਼ਬੂਤ ਕਰਨ ਦੀ ਲੋੜ ਹੈ। ਇਸ ਮਾਰਚ ਵਿੱਚ ਸਮਾਜ ਦੇ ਸਾਰੇ ਭਾਈਚਾਰਿਆਂ ਦੇ ਲੋਕਾਂ ਵਲੋਂ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਕੇ ਸਮਾਜਿਕ ਸਦਭਾਵਨਾ ਦਾ ਸੰਦੇਸ਼ ਦਿੱਤਾ। ਇਸ ਮੌਕੇ ਕਰਨੈਲ ਫਿਲੌਰ, ਐਡਵੋਕੇਟ



ਸੁਰਜੀਤ ਖੇਤਾਨ, ਜਗਜੀਤ ਭੱਟੀ ਪਤਰਕਾਰ,ਇੰਦਰਜੀਤ ਸਿੰਘ ਪੱਤਰਕਾਰ, ਸੁਨੀਲ ਗੰਨਾ ਪਿੰਡ, ਰਾਹੁਲ ਕੋਰੀ, ਸੰਦੀਪ ਗੰਨਾ ਪਿੰਡ, ਬਖਸ਼ੀ ਰਾਮ, ਸੋਮਨਾਥ ਸੇਖੂਪੁਰ, ਅਰਸ਼ਪ੍ਰੀਤ, ਮਦਨ ਲਾਲ, ਰਾਮਪਾਲ, ਮਨਜੀਤ ਕੁਮਾਰ, ਸਚਿਨ ਕੁਮਾਰ, ਕੁਲਵਿੰਦਰ ਕੁਮਾਰ,ਰਮਨ ਭੁਲੇਵਾਲ, ਕਮਲ ਰਾਜ ਰਿਟਾਇਰਡ ਐਸ ਆਈ, ਮੁਖਤਿਆਰ ਚੰਦ ਸਾਬਕਾ ਸਰਪੰਚ ਗੰਨਾ ਪਿੰਡ, ਧਰਮਿੰਦਰ ਕੁਮਾਰ ਪੰਚ, ਮਸਕੀਨ ਅਲੀ, ਮੁਹੰਮਦ ਹਨੀਫ਼, ਮੁਹੰਮਦ ਸਾਹਿਲ, ਮੁਹੰਮਦ ਸ਼ਰੀਫ਼, ਮੁਹੰਮਦ ਨਸ਼ੀਬ, ਮੁਹੰਮਦ ਸਖ਼ੀ, ਸੰਦੀਪ ਕੁਮਾਰ, ਰਾਜਿੰਦਰ ਕੁਮਾਰ ਰਾਜੂ, ਸਾਬ੍ਹ ਜਗਤਪੁਰ, ਗੋਬਿੰਦ ਰਾਮ, ਦੀਪਕ ਰਾਵਿਦਸਪੁਰੀ, ਬੂਟਾ ਰਾਮ ਮੁਠੱਡਾ, ਸਰੂਪ ਕਲੇਰ, ਵੀਜੇ ਬੰਗਰ, ਹੰਸ ਕੌਰ, ਸੁਨੀਤਾ ਫਿਲੌਰ, ਸਰੋਜ ਰਾਣੀ, ਕਮਲਜੀਤ ਕੌਰ, ਮੰਮਤਾ ਰਾਣੀ ਅਤੇ ਰਜਨੀ ਰਾਣੀ ਆਦਿ ਹਾਜ਼ਰ ਸਨ।

## ਲੁਧਿਆਣਾ ਪੱਛਮੀ ਜ਼ਿਮਨੀ ਚੋਣ

# ਪੰਜਾਬ ਦੇ ਮੁੱਖ ਚੋਣ ਅਧਿਕਾਰੀ ਵੱਲੋਂ ਡਿਪਟੀ ਕਮਿਸ਼ਨਰ ਅਤੇ ਪੁਲਿਸ ਕਮਿਸ਼ਨਰ ਨੂੰ ਵੋਟਿੰਗ ਤੋਂ ਪਹਿਲਾਂ ਦੇ 72, 48 ਅਤੇ 24 ਘੰਟਿਆਂ ਦੌਰਾਨ ਵਾਧੂ ਚੌਕਸੀ ਯਕੀਨੀ ਬਣਾਉਣ ਦੇ ਨਿਰਦੇਸ਼

**ਚੰਡੀਗੜ੍ਹ।** ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਵੱਲੋਂ ਪੰਜਾਬ ਵਿਧਾਨ ਸਭਾ ਦੀ 64-ਲੁਧਿਆਣਾ ਪੱਛਮੀ ਸੀਟ ਦੀ ਜ਼ਿਮਨੀ ਚੋਣ ਦੇ ਪ੍ਰਬੰਧਾਂ ਦੀ ਸਮੀਖਿਆ ਲਈ ਸੋਮਵਾਰ ਨੂੰ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ- ਕਮ-ਜ਼ਿਲ੍ਹਾ ਚੋਣ ਅਧਿਕਾਰੀ ਹਿਮਾਂਸ਼ੂ ਜੈਨ, ਪੁਲਿਸ ਕਮਿਸ਼ਨਰ ਸਵਪਨ ਸ਼ਰਮਾ ਅਤੇ ਰਿਟਰਨਿੰਗ ਅਫ਼ਸਰ ਰੁਪਿੰਦਰ ਪਾਲ ਸਿੰਘ ਨਾਲ ਵੀਡਿਓ ਕਾਨਫਰੰਸਿੰਗ ਰਾਹੀਂ ਮੀਟਿੰਗ ਕੀਤੀ ਗਈ। ਜ਼ਿਮਨੀ ਚੋਣ ਪ੍ਰਕਿਰਿਆ ਦੇ ਅੰਤਿਮ ਪੜਾਅ ਉੱਤੇ ਮੁੱਖ ਚੋਣ ਅਧਿਕਾਰੀ ਨੇ ਜ਼ਿਲ੍ਹਾ ਅਧਿਕਾਰੀਆਂ ਨੂੰ ਵਧੇਰੇ ਚੌਕਸੀ ਵਰਤਣ ਦੇ ਨਿਰਦੇਸ਼ ਜਾਰੀ ਕੀਤੇ ਹਨ। ਮੀਟਿੰਗ ਦੌਰਾਨ ਸਿਬਿਨ ਸੀ ਨੇ ਜ਼ਿਲ੍ਹਾ ਅਧਿਕਾਰੀਆਂ ਨੂੰ ਵੋਟਾਂ ਤੋਂ ਪਹਿਲਾਂ ਦੇ 72, 48 ਅਤੇ 24 ਘੰਟਿਆਂ ਤੋਂ ਲੈ ਕੇ ਚੋਣ ਪ੍ਰਕਿਰਿਆ ਮੁਕੰਮਲ ਹੋਣ ਤੱਕ ਚੌਕਸੀ ਹੋਰ ਵਧਾਉਣ ਦੇ ਆਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਹਲਕੇ ਤੋਂ ਬਾਹਰਲੇ ਵੋਟਰਾਂ ਅਤੇ ਲੀਡਰਾਂ ਨੂੰ 17 ਜੂਨ ਸ਼ਾਮ 6 ਵਜੇ ਚੋਣ ਪ੍ਰਚਾਰ ਦੀ ਸਮਾਪਤੀ ਤੋਂ ਬਾਅਦ ਹਲਕਾ ਛੱਡਣ ਨੂੰ ਯਕੀਨੀ ਬਣਾਇਆ ਜਾਵੇ। ਖ਼ਬਰ ਏਜੰਸੀ ਨਿਊਜ਼ ਐਕਸ ਮੁਤਾਬਕ ਉਨ੍ਹਾਂ ਕਿਹਾ ਕਿ ਸੀਸੀਟੀਵੀ ਰਾਹੀਂ 24 ਘੰਟੇ ਨਿਗਰਾਨੀ ਨੂੰ ਹੋਰ ਮਜ਼ਬੂਤ ਕੀਤਾ ਜਾਵੇ ਤਾਂ ਜੋ ਸ਼ਰਾਬ, ਨਕਦੀ, ਡਰੱਗ ਅਤੇ ਹੋਰ ਸਮਾਨ ਦੀ ਗੈਰ-ਕਾਨੂੰਨੀ ਤਸਕਰੀ ਜਾਂ ਵੰਡ ਨੂੰ ਰੋਕਿਆ ਜਾ ਸਕੇ। ਉਨ੍ਹਾਂ ਅੱਗੇ ਕਿਹਾ ਕਿ ਵੋਟਰਾਂ ਨੂੰ ਭਰਮਾਉਣ ਲਈ ਜੇਕਰ ਨਕਦੀ ਜਾਂ ਹੋਰ ਕਿਸੇ ਵੀ ਤਰ੍ਹਾਂ ਦਾ ਸਮਾਨ ਵੰਡੇ ਜਾਣ ਦੀ ਸ਼ਿਕਾਇਤ ਮਿਲਦੀ ਹੈ ਤਾਂ ਇਸ ਉੱਤੇ ਤੁਰੰਤ ਸਖ਼ਤ ਕਾਰਵਾਈ ਕੀਤੀ ਜਾਵੇ। ਮੁੱਖ ਚੋਣ ਅਧਿਕਾਰੀ ਨੇ ਗਰਮੀ ਦੇ ਮੱਦੇਨਜ਼ਰ ਵੋਟਰਾਂ ਦੀ ਸਹੂਲਤ ਲਈ ਸਾਰੇ ਪ੍ਰਬੰਧ ਕਰਨ ਦੇ ਨਿਰਦੇਸ਼ ਵੀ ਦਿੱਤੇ। ਉਨ੍ਹਾਂ ਕਿਹਾ ਕਿ ਪੋਲਿੰਗ ਬੂਥਾਂ 'ਤੇ ਪੀਣ ਵਾਲੇ ਪਾਣੀ, ਛਬੀਲ, ਵੇਟਿੰਗ ਏਰੀਆ, ਪਖਾਨਿਆਂ ਅਤੇ ਸ਼ੈੱਡ ਸਮੇਤ ਵੋਟਰਾਂ ਦੀ ਸਹੂਲਤ ਲਈ ਸਾਰੇ ਪ੍ਰਬੰਧ ਕੀਤੇ ਜਾਣ। ਉਨ੍ਹਾਂ ਕਿਹਾ ਕਿ ਸਿਹਤ ਵਿਭਾਗ ਵੱਲੋਂ ਕੋਵਿਡ 19 ਸਬੰਧੀ ਜਾਰੀ ਕੀਤੀ ਗਈ ਐਡਵਾਇਜ਼ਰੀ ਦੀ ਪਾਲਣਾ ਲਈ ਵੀ ਲੋਕਾਂ ਨੂੰ ਪ੍ਰੇਰਿਤ ਕੀਤਾ ਜਾਵੇ। ਸਿਬਿਨ ਸੀ ਨੇ ਰੀਅਲ-ਟਾਈਮ ਮਾਨੀਟਰਿੰਗ ਲਈ ਪੋਲਿੰਗ ਸਟੇਸ਼ਨਾਂ ਦੀ 100 ਫੀਸਦ ਲਾਈਵ ਵੈਬਕਾਸਟਿੰਗ, ਪੋਲਿੰਗ ਬੂਥਾਂ, ਸਟਰਾਂਗ ਰੂਮਾਂ, ਕਾਊਂਟਿੰਗ ਹਾਲ ਅਤੇ ਮੈਡੀਕਲ ਸਹੂਲਤਾਂ ਬਾਰੇ ਵੀ ਸਾਰੀ ਜਾਣਕਾਰੀ ਹਾਸਿਲ ਕੀਤੀ। ਉਨ੍ਹਾਂ ਨਿਰਦੇਸ਼ ਦਿੱਤੇ ਕਿ ਆਦਰਸ਼ ਚੋਣ ਜ਼ਾਬਤੇ ਦੀ ਉਲੰਘਣਾ ਉੱਤੇ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਸਮੇਂ ਸਿਰ ਕਾਰਵਾਈ ਕੀਤੀ ਜਾਵੇ। ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਧਿਕਾਰੀ ਅਤੇ ਪੁਲਿਸ ਕਮਿਸ਼ਨਰ ਨੇ ਮੁੱਖ ਚੋਣ ਅਧਿਕਾਰੀ ਨੂੰ ਦੱਸਿਆ ਕਿ ਜ਼ਿਮਨੀ ਚੋਣ ਲਈ ਹਰ ਪ੍ਰਕਾਰ ਦੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ ਹੈ ਅਤੇ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਚੋਣਾਂ ਨੂੰ ਨੇਪਰੇ ਚਾੜ੍ਹਿਆ ਜਾਵੇਗਾ। ਉਨ੍ਹਾਂ ਕਿਹਾ ਕਿ ਜਿਹੜੇ ਵੀ ਨਿਰਦੇਸ਼ ਅੱਜ ਵਾਲੀ ਮੀਟਿੰਗ ਵਿੱਚ ਦਿੱਤੇ ਗਏ ਹਨ, ਉਨ੍ਹਾਂ ਨੂੰ ਸਮੇਂ ਸਿਰ ਪੂਰਾ ਕਰ ਲਿਆ ਜਾਵੇਗਾ। ਮੀਟਿੰਗ ਦੌਰਾਨ ਐਡੀਸ਼ਨਲ ਸੀਈਓ ਹਰੀਸ਼ ਨਈਅਰ, ਜੁਆਇੰਟ ਸੀਈਓ ਸਕੱਤਰ ਸਿੰਘ ਬੱਲ, ਚੋਣ ਅਧਿਕਾਰੀ ਅੰਜੂ ਬਾਲਾ ਤੋਂ ਇਲਾਵਾ ਸੀਈਓ ਦਫ਼ਤਰ ਦੇ ਹੋਰ ਅਧਿਕਾਰੀ ਹਾਜ਼ਰ ਸਨ।

***ਹਲਕੇ ਦੇ ਕੁੱਲ ਵੋਟਰਾਂ, ਸੰਵੇਦਨਸ਼ੀਲ ਅਤੇ ਪੋਲਿੰਗ ਬੂਥਾਂ ਦੀ ਗਿਣਤੀ***

ਸਿਬਿਨ ਸੀ ਨੇ ਦੱਸਿਆ ਕਿ ਲੁਧਿਆਣਾ ਪੱਛਮੀ ਸੀਟ ਦੇ ਕੁੱਲ ਵੋਟਰਾਂ ਦੀ ਗਿਣਤੀ 1 ਲੱਖ 74 ਹਜ਼ਾਰ 437 ਹੈ, ਜਿਨ੍ਹਾਂ ਵਿੱਚੋਂ ਮਰਦ ਵੋਟਰਾਂ ਦੀ ਗਿਣਤੀ 89 ਹਜ਼ਾਰ 602, ਔਰਤ ਵੋਟਰਾਂ ਦੀ ਗਿਣਤੀ 84 ਹਜ਼ਾਰ 825 ਅਤੇ ਤੀਜੇ ਲਿੰਗ ਵਜੋਂ ਪਛਾਣੇ ਜਾਣ ਵਾਲੇ 10 ਵੋਟਰ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਜ਼ਿਮਨੀ ਚੋਣ ਲਈ 66 ਥਾਵਾਂ ਉੱਤੇ ਕੁੱਲ 194 ਪੋਲਿੰਗ ਬੂਥ ਬਣਾਏ ਗਏ ਹਨ, ਜਿਨ੍ਹਾਂ ਵਿੱਚ 10 ਮਾਡਲ ਪੋਲਿੰਗ ਬੂਥ, ਇੱਕ ਔਰਤਾਂ ਵੱਲੋਂ ਸੰਚਾਲਿਤ ਕੀਤਾ ਜਾਣ ਵਾਲਾ ਪੋਲਿੰਗ ਬੂਥ, ਇੱਕ ਵਾਤਾਵਰਣ ਅਨੁਕੂਲ "ਹਰਾ" ਪੋਲਿੰਗ ਬੂਥ ਅਤੇ ਇੱਕ ਪੀ.ਡਬਲਯੂ.ਡੀ ਸਟਾਫ ਵੱਲੋਂ ਸੰਚਾਲਿਤ ਕੀਤਾ ਜਾਣ ਵਾਲਾ ਪੋਲਿੰਗ ਬੂਥ ਸ਼ਾਮਲ ਹੈ। ਇਸ ਤੋਂ ਇਲਾਵਾ 13 ਪੋਲਿੰਗ ਬੂਥਾਂ ਨੂੰ ਸੰਵੇਦਨਸ਼ੀਲ ਪੋਲਿੰਗ ਬੂਥ ਐਲਾਨਿਆ ਗਿਆ ਹੈ, ਜਿੱਥੇ ਅਰਧ ਸੈਨਿਕ ਬਲਾਂ ਦੀ ਤਾਇਨਾਤੀ ਕੀਤੀ ਜਾਵੇਗੀ। ਉਨ੍ਹਾਂ ਅੱਗੇ ਦੱਸਿਆ ਕਿ ਬਜ਼ੁਰਗ, ਦਿਵਿਆਂਗ ਅਤੇ ਕਿਸੇ ਵੀ ਤਰ੍ਹਾਂ ਦੀ ਬਿਮਾਰੀ ਨਾਲ ਪੀੜਤ ਵੋਟਰਾਂ ਦੀ ਸਹੂਲਤ ਲਈ ਉਨ੍ਹਾਂ ਦੇ ਘਰਾਂ ਵਿੱਚ ਜਾ ਕੇ ਵੋਟਿੰਗ ਕਰਵਾਈ ਗਈ ਹੈ, ਜਿਸ ਵਿੱਚ ਕੁੱਲ 239 ਵੋਟਰਾਂ ਨੇ ਹਿੱਸਾ ਲਿਆ। ਮੁੱਖ ਚੋਣ ਅਧਿਕਾਰੀ ਨੇ ਦੱਸਿਆ ਕਿ 19 ਜੂਨ ਨੂੰ ਸਵੇਰੇ 7 ਵਜੇ ਤੋਂ ਸ਼ਾਮ 6 ਵਜੇ ਤੱਕ ਵੋਟਿੰਗ ਹੋਵੇਗੀ ਅਤੇ 23 ਜੂਨ ਨੂੰ ਸਵੇਰੇ 8 ਵਜੇ ਵੋਟਾਂ ਦੀ ਗਿਣਤੀ ਸ਼ੁਰੂ ਹੋ ਜਾਵੇਗੀ ਜਿਸ ਲਈ ਖਾਲਸਾ ਕਾਲਜ ਫਾਰ ਵੂਮੈਨ, ਲਧਿਆਣਾ ਨੂੰ ਕਾਊਂਟਿੰਗ ਸੈਂਟਰ ਬਣਾਇਆ ਗਿਆ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਪੂਰੇ ਹਲਕੇ ਵਿੱਚ 54 ਥਾਵਾਂ ਉੱਤੇ ਨਾਕਾਬੰਦੀ ਕੀਤੀ ਗਈ ਹੈ ਅਤੇ ਸੁਰੱਖਿਆ ਬਲਾਂ ਵੱਲੋਂ ਹਰ ਗਤੀਵਿਧੀ ਉੱਤੇ ਤਿੱਖੀ ਨਜ਼ਰ ਰੱਖੀ ਜਾ ਰਹੀ ਹੈ।

# ਰੋਸ ਧਰਨਾ ਪ੍ਰਦਰਸ਼ਨ 18 ਜੂਨ ਨੂੰ ਕਰੇਗੀ ਬਸਪਾ: ਕਰੀਮਪੁਰੀ

**ਜਲੰਧਰ (ਚਰਨਜੀਤ ਸੱਲ੍ਹਾਂ )**18 ਜੂਨ ਨੂੰ 2025 ਖੁਰਾਲਗੜ੍ਹ ਸਾਹਿਬ ਵਿਖੇ ਰੋਸ਼ ਧਰਨਾ ਪ੍ਰਦਰਸ਼ਨ ਕੀਤਾ ਜਾਵੇਗਾ।ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਚਰਨ ਛੋਹ ਧਰਤੀ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਸ਼ਰਾਬ ਦੇ ਠੇਕੇ ਨੂੰ ਹਟਾਉਣ ਲਈ ਸ਼ਰਾਬ ਦੀਆਂ ਨਜਾਇਜ਼ ਦੁਕਾਨਾਂ ਬੰਦ ਕਰਵਾਉਣ ਲਈ ਡਾਕਟਰ ਅੰਬੇਦਕਰ ਜੀ ਦੀ ਬੇਅਬਦੀ ਦੇ ਵਿਰੁੱਧ ਅਤੇ ਪੰਜਾਬ ਦੀ ਵਿਗੜ ਰਹੀ ਅਮਨ ਕਾਨੂੰਨ ਦੀ ਸਥਿਤੀ ਦੇ ਵਿਰੁੱਧ ਬਹੁਜਨ ਸਮਾਜ ਪਾਰਟੀ 18 ਜੂਨ ਨੂੰ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਠੀਕ 10 ਵਜੇ ਇੱਕਠੇ ਹੋ ਕੇ ਕਾਫਲੇ ਦੇ ਰੂਪ ਵਿੱਚ ਗੜ੍ਹਸ਼ੰਕਰ ਵੱਲ ਨੂੰ ਚੱਲਣਗੇ ਗੜ੍ਹਸ਼ੰਕਰ ਸ਼ਹਿਰ ਦੇ ਵਿੱਚ ਰੋਸ ਮਾਰਚ ਤੋਂ ਬਾਅਦ ਮੁੜ ਮੈਮੋਰੰਡਮ ਦਿੱਤਾ ਜਾਵੇਗਾ। ਆਪ ਸਭ ਨੂੰ ਅਪੀਲ ਹੈ ਕਿ ਵੱਡੀ ਸੰਖਿਆ ਵਿੱਚ ਅਤੇ ਸਮੇਂ ਸਿਰ ਪਹੁੰਚਣ ਦੀ ਕਿਰਪਾਲਤਾ ਕਰਨੀ ਜੀ ਵੱਲੋਂ ਅਵਤਾਰ ਸਿੰਘ ਕਰੀਮਪੁਰੀ ਪ੍ਰਧਾਨ ਬਹੁਜਨ ਸਮਾਜ ਪਾਰਟੀ ਪੰਜਾਬ।




# ਤਖਤ ਸ੍ਰੀ ਪਟਨਾ ਸਾਹਿਬ ਤੇ ਹੋਰ ਗੁਰੂਧਾਮਾਂ ਦੇ ਦਰਸ਼ਨ ਦੀਦਾਰੇ ਕਰਕੇ ਸੰਗਤ ਵਾਪਸ ਅੱਪਰਾ ਪਰਤੀ

**ਫਿਲੌਰ/ਅੱਪਰਾ (ਦੀਪਾ)**-ਸ਼ਹੀਦ ਬਾਬਾ ਦੀਪ ਸਿੰਘ ਗੁਰਮਤਿ ਪ੍ਰਚਾਰ ਮਿਸ਼ਨ ਅੱਪਰਾ ਵਲੋਂ ਤਖਤ ਸ੍ਰੀ ਪਟਨਾ ਸਾਹਿਬ ਤੇ ਹੋਰ ਗੁਰਧਾਮਾਂ ਦੇ ਦਰਸ਼ਨਾਂ ਲਈ ਯਾਤਰਾ ਦਾ ਆਯੋਜਨ ਕੀਤਾ ਗਿਆ । 12 ਦਿਨਾਂ ਯਾਤਰਾ ਦੌਰਾਨ ਸੰਗਤਾਂ ਵੱਖ ਵੱਖ ਗੁਰਧਾਮਾਂ ਦੇ ਦਰਸ਼ਨ ਦੀਦਾਰੇ ਕਰਕੇ ਪਰਤ ਆਈਆਂ । ਇਸ ਮੌਕੇ ਗੁ. ਸ੍ਰੀ ਪਾਉਂਟਾ ਸਾਹਿਬ, ਗੁ. ਭੰਗਾਣੀ ਸਾਹਿਬ, ਗੁ. ਤੀਰ ਗੜੀ ਸਾਹਿਬ, ਗੁ. ਸੰਤ ਸਾਗਰ ਬਾਉਲੀ ਸਾਹਿਬ ਪਾ. ਪਹਿਲੀ, ਗੁ. ਨਾਨਕਿਆਣਾ ਸਾਹਿਬ ਕਾਸ਼ੀਪੁਰ, ਗੁ. ਨਾਨਕ ਮਤਾ ਸਾਹਿਬ, ਗੁ. ਰੀਠਾ ਸਾਹਿਬ, ਗੁ. ਕੋਹੜੀ ਘਾਟ, ਗੁ. ਕਾਰ ਸੇਵਾ ਨੈਨੀਆ, ਗੁ. ਯਾਦਗਾਰ ਭਗਤ ਕਬੀਰ ਜੀ, ਤਖਤ ਸ੍ਰੀ ਪਟਨਾ ਸਾਹਿਬ, ਗੁ. ਬਾਲ ਲੀਲਾ ਮੈਣੀ ਸੰਗਤ ਗੁ. ਗੁਰੂ ਨਾਨਕ ਸ਼ੀਤਲ ਕੁੰਡ, ਬਨਾਰਸ ਦੇ ਗੁਰਧਾਮ, ਸੁਲਤਾਨ-ਪੁਰ ਤੇ ਲਖਨਊ ਦੇ ਗੁਰਧਾਮ, ਗੁ. ਗੁਰੂ ਕਾ ਤਾਲ ਆਗਰਾ, ਗੁ. ਬੰਗਲਾ ਸਾਹਿਬ, ਗੁ. ਰਕਾਬ ਗੰਜ ਸਾਹਿਬ, ਗੁ. ਸੀਸ ਗੰਜ ਸਾਹਿਬ ਦਿੱਲੀ, ਗੁ. ਸੀਸ ਗੰਜ ਸਾਹਿਬ ਤਰਾਵੜੀ ਤੇ ਗੁ. ਪਾਤਸ਼ਾਹੀ ਛੇਵੀਂ ਕੁਰੂਕਸ਼ੇਤਰ ਆਦਿ ਦੇ ਖੁੱਲੇ ਦਰਸ਼ਨ ਦੀਦਾਰੇ ਕੀਤੇ ਤੇ ਇਤਿਹਾਸ ਬਾਰੇ ਜਾਣਕਾਰੀ ਪ੍ਰਾਪਤ ਕੀਤੀ । ਉਪਰੰਤ ਸਰਬੱਤ ਦੇ ਭਲੇ ਦੀ ਅਰਦਾਸ ਦੇ ਨਾਲ ਹੀ ਸੰਗਤਾਂ ਅੱਪਰਾ ਪਹੁੰਚ ਗਈਆਂ ।



# ਅਹਿਮਦਾਬਾਦ ਹਵਾਈ ਹਾਦਸੇ ਵਿੱਚ ਵਿਛੜੀਆਂ ਰੂਹਾਂ ਨੂੰ ਮਾਲਕ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ ਲਈ ਕੀਤੀ ਅਰਦਾਸ : ਸੰਤ ਨਿਰਮਲ ਦਾਸ ਜੀ ਬਾਬੇ ਜੌੜੇ

**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.) ਪੰਜਾਬ ਵੱਲੋਂ ਪਿਛਲੇ ਦਿਨੀਂ ਅਹਿਮਦਾਬਾਦ ਹਵਾਈ ਹਾਦਸੇ ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਇਸ ਅਤਿਅੰਤ ਭਿਆਨਕ ਹਾਦਸੇ ਨੇ ਪੂਰੇ ਦੇਸ਼ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਸੰਤ ਸਰਵਣ ਦਾਸ ਬੋਹਣ, ਸੰਤ ਨਿਰਮਲ ਦਾਸ ਬਾਬੇਜੌੜੇ ਅਤੇ ਸਮੂਹ ਸੰਤਾਂ ਮਹਾਂਪੁਰਸ਼ਾਂ ਨੇ ਹਾਦਸੇ ਦੌਰਾਨ ਜਾਨਾਂ ਗਵਾਉਣ ਵਾਲਿਆਂ ਨੂੰ ਸ਼ਰਧਾਂਜਲੀ ਭੇਟ ਕੀਤੀ ਅਤੇ ਪਰਿਵਾਰਾਂ ਨਾਲ ਹਮਦਰਦੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਇਹ ਮ੍ਰਿਤਕਾਂ ਦੇ ਪਰਿਵਾਰਾਂ ਲਈ ਕਦੀ ਵੀ ਪੂਰਾ ਨਾ ਹੋਣ ਵਾਲਾ ਘਾਟਾ ਪਿਆ ਹੈ ਅਤੇ ਇਹ ਦੇਸ਼ ਲਈ ਵੀ ਬਹੁਤ ਵੱਡਾ ਘਾਟਾ ਹੈ। ਸੰਤਾਂ ਮਹਾਂਪੁਰਸ਼ਾਂ ਨੇ ਕਿਹਾ ਕਿ ਅਹਿਮਦਾਬਾਦ ਸਰਦਾਰ ਵਲਬ ਭਾਈ ਪਟੇਲ ਹਵਾਈ ਅੱਡੇ ਨੇੜੇ ਵਾਪਰੇ ਇਸ ਹਵਾਈ ਹਾਦਸੇ ਜਿਸ ਵਿੱਚ 241 ਭਾਰਤੀ ਅਤੇ ਵਿਦੇਸ਼ੀ ਨਾਗਰਿਕ ਹਾਦਸੇ ਦਾ ਸ਼ਿਕਾਰ ਹੋ ਗਏ । ਊਨ੍ਹਾਂ ਕਿਹਾ ਉਡਾਣ ਭਰਨ ਤੋਂ ਥੋੜੀ ਦੇਰ ਬਾਅਦ ਹਾਦਸਾ ਹੋਣ ਨਾਲ ਸੁਣਕੇ ਮੰਨ ਨੂੰ ਬਹੁਤ ਦੁੱਖ ਪਹੁੰਚਿਆ। ਉਹਨਾਂ ਵਿਛੜੀਆਂ ਰੂਹਾਂ ਨੂੰ ਮਾਲਕ ਦੇ ਚਰਨਾਂ ਵਿਚ ਨਿਵਾਸ ਬਖਸ਼ਣ ਲਈ ਪਰਮਾਤਮਾ ਅੱਗੇ ਅਰਦਾਸ ਕੀਤੀ ਅਤੇ ਪਰਿਵਾਰਾਂ ਨੂੰ ਇਹ ਭਾਣਾ ਸਹਿਣ ਕਰਨ ਦਾ ਬਲ ਬਖਸ਼ਿਸ਼ ਕਰਨ ਲਈ ਅਰਦਾਸ ਕੀਤੀ। ਸੰਤਾਂ ਮਹਾਂਪੁਰਸ਼ਾਂ ਨੇ ਕਿਹਾ ਕਿ ਇਸ ਦੁੱਖ ਦੀ ਘੜੀ ਵਿੱਚ ਸਾਧੂ ਸੰਪਰਦਾਇ ਸੁਸਾਇਟੀ (ਰਜਿ.) ਪੰਜਾਬ ਦੁਖੀ ਪਰਿਵਾਰਾਂ ਅਤੇ ਦੇਸ਼ ਨਾਲ ਖੜੀ ਹੈ। ਉਨਾਂ ਇਸ ਦੁਖਦਾਈ ਹਾਦਸੇ ਦੀ ਬਰੀਕੀ ਨਾਲ ਜਾਂਚ ਕਰਵਾਉਣ ਲਈ ਵੀ ਅਪੀਲ ਕੀਤੀ ਉਹਨਾਂ ਕਿਹਾ ਕਿ ਭਵਿੱਖ ਵਿੱਚ ਅਜਿਹੀਆਂ ਮੰਦਭਾਗੀਆ ਘਟਨਾਵਾਂ ਨੂੰ ਰੋਕਣ ਲਈ ਠੋਸ ਉਪਰਾਲੇ ਕਰਨੇ ਚਾਹੀਦੇ ਹਨ। ਇਸ ਮੌਕੇ ਸੰਤ ਸਰਵਣ ਦਾਸ ਸਲੇਮਟਾਵਰੀ, ਸੰਤ ਪਰਮਜੀਤ ਦਾਸ ਨਗਰ, ਸੰਤ ਬਲਵੰਤ ਸਿੰਘ ਡਿਗਰੀਆਂ, ਮਹੰਤ ਪ੍ਰਸ਼ੋਤਮ ਲਾਲ ਚੱਕ ਹਕੀਮ, ਸੰਤ ਧਰਮਪਾਲ ਸ਼ੇਰਗੜ, ਸੰਤ ਰਮੇਸ਼ ਦਾਸ ਡੇਰਾ ਕਲਰਾਂ ਸ਼ੇਰਪੁਰ, ਸੰਤ ਜਗੀਰ ਸਿੰਘ ਸਰਬੱਤ ਭਲਾ ਆਸ਼ਰਮ ਨੰਦਾਚੌਰ, ਸੰਤ ਕੁਲਦੀਪ ਦਾਸ ਬਸੀ ਮਰੂਫ, ਭੈਣ ਸੰਤੋਸ਼ ਕੁਮਾਰੀ ਪ੍ਰਧਾਨ " ਨਾਰੀ ਸ਼ਕਤੀ ਫਾਊਡੇਸ਼ਨ ਭਾਰਤ", ਸੰਤ ਬੀਬੀ ਕੁਲਦੀਪ ਕੌਰ ਮੈਹਿਨਾ, ਸੰਤ ਮਨਜੀਤ ਦਾਸ ਬਿਛੋਹੀ, ਬਾਬਾ ਬਲਕਾਰ ਸਿੰਘ ਤੱਗੜ ਵਡਾਲਾ, ਸੰਤ ਗੁਰਮੀਤ ਦਾਸ, ਸੰਤ ਰਜੇਸ਼ ਦਾਸ ਬਜਵਾੜਾ, ਵੀ ਹਾਜਰ ਸਨ।



**ਫੋਟੋ ਅਜਮੇਰ ਦੀਵਾਨਾ**

# ਪੰਜਾਬ ਸਰਕਾਰ ਨੂੰ 12 ਘੰਟੇ ਕੰਮ ਲੈਣ ਦੇ ਮਜ਼ਦੂਰ ਵਿਰੋਧੀ ਫੈਸਲੇ ਨੂੰ ਤੁਰੰਤ ਰੱਦ ਕਰਨਾ ਚਾਹੀਦਾ ਹੈ : ਬੇਗਮਪੁਰਾ ਟਾਈਗਰ ਫੋਰਸ

## ਮਜਦੂਰਾਂ ਕੋਲੋਂ ਦਿਹਾੜੀ ਵਿੱਚ 12 ਘੰਟੇ ਕੰਮ ਲੈਣ ਦੇ ਫੈਸਲੇ ਨੂੰ ਮਜ਼ਦੂਰ ਜਮਾਤ ਮੁੱਢ ਤੋਂ ਹੀ ਨਿਕਾਰਦੀ ਹੈ : ਹੈਪੀ ਫ਼ਤਿਹਗੜ੍ਹ, ਸਤੀਸ਼ ਸ਼ੇਰਗੜ੍ਹ

**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** ਬੇਗਮਪੁਰਾ ਟਾਈਗਰ ਫੋਰਸ ਦੇ ਚੇਅਰਮੈਨ ਤਰਸੇਮ ਦੀਵਾਨਾ ਅਤੇ ਕੌਮੀ ਪ੍ਰਧਾਨ ਧਰਮਪਾਲ ਸਾਹਨੇਵਾਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਬੇਗਮਪੁਰਾ ਟਾਈਗਰ ਫੋਰਸ ਦੀ ਇੱਕ ਜਰੂਰੀ ਮੀਟਿੰਗ ਫੋਰਸ ਦੇ ਮੁੱਖ ਦਫਤਰ ਭਗਤ ਨਗਰ ਨੇੜੇ ਮਾਡਲ ਹੁਸ਼ਿਆਰਪੁਰ ਵਿਖੇ ਫੋਰਸ ਦੇ ਜ਼ਿਲ੍ਹਾ ਪ੍ਰਧਾਨ ਹੈਪੀ ਫਤਿਹਗੜ੍ਹ ਦੀ ਪ੍ਰਧਾਨਗੀ ਹੇਠ ਹੋਈ ! ਮੀਟਿੰਗ ਨੂੰ ਸੰਬੋਧਨ ਕਰਦਿਆਂ ਆਗੂਆਂ ਨੇ ਕਿਹਾ ਕਿ ਅੱਠ ਘੰਟੇ ਕੰਮ ਦਿਹਾੜੀ ਦੇ ਹੱਕ ਨੂੰ ਖੋਹ ਕੇ ਕਾਰਪੋਰੇਟਾਂ ਦੇ ਮੁਨਾਫਿਆਂ ਵਾਸਤੇ ਭਾਜਪਾ ਦੇ 12 ਘੰਟੇ ਕੰਮ ਲੈਣ ਦੇ ਫੈਸਲੇ ਨੂੰ ਕਾਨੂੰਨੀ ਮਾਨਤਾ ਦੇਣ ਅਤੇ ਮਜ਼ਦੂਰਾਂ ਦੇ ਕਰਜੇ ਮਾਫ ਕਰਨ ਦੇ ਐਲਾਨ ਰਾਹੀਂ ਮਜ਼ਦੂਰਾਂ ਨਾਲ ਮਜਾਕ ਕਰਨ ਵਾਲੇ ਮਜਦੂਰ ਵਿਰੋਧੀ ਫੈਸਲਿਆਂ ਨੂੰ ਮਜ਼ਦੂਰ ਜਮਾਤ ਮੁੱਢ ਤੋਂ ਹੀ ਨਿਕਾਰਦੀ ਹੈ ! ਉਹਨਾਂ ਕਿਹਾ ਕਿ ਦੁਨੀਆ ਭਰ ਵਿੱਚ ਮੁਨਾਫੇ ਖੋਰਾਂ ਵੱਲੋਂ ਕਿਰਤੀਆਂ ਤੋ 24 ਘੰਟੇ ਕੰਮ ਲੈ ਕੇ ਆਪਦੇ ਮੁਨਾਫੇ ਵਧਾਏ ਜਾਂਦੇ ਸਨ ਜਿਸ ਦੇ ਖਿਲਾਫ ਦੁਨੀਆਂ ਭਰ ਵਿੱਚ ਕਿਰਤੀਆਂ ਨੇ ਬਹੁਤ ਸੰਘਰਸ਼ ਲੜੇ ਅਤੇ ਉਹਨਾਂ ਸੰਘਰਸ਼ਾਂ ਵਿੱਚ ਸ਼ਹਾਦਤਾਂ ਦੇ ਕੇ ਅੱਠ ਘੰਟੇ ਕੰਮ ਲੈਣ ਦੇ ਹੱਕ ਨੂੰ ਬਹਾਲ ਕਰਵਾਇਆ ਪਰ ਭਾਜਪਾ ਹਕੂਮਤ ਵੱਲੋਂ ਕਾਰਪੋਰੇਟਾਂ ਦੇ ਮੁਨਾਫਿਆਂ ਲਈ ਅੱਠ ਦੀ ਥਾਂ 12 ਘੰਟੇ ਕੰਮ ਕਰਨ ਦੀ ਕਿਰਤ ਕਾਨੂੰਨ ਖਤਮ ਕਰਕੇ ਕਿਰਤ ਕੋਡ ਲਾਗੂ ਕੀਤਾ ਗਿਆ ਅਤੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਨੇ ਵੀ ਭਾਜਪਾ ਹਕੂਮਤ ਦੇ ਨਕਸ਼ੇ ਕਦਮ ਤੇ ਚੱਲਦਿਆਂ ਪੰਜਾਬ ਵਿੱਚ ਅੱਠ ਦੀ ਥਾਂ 12 ਘੰਟੇ ਕੰਮ ਲੈਣ ਕਿਰਤ ਕੋਡ ਨੂੰ ਕਨੂੰਨੀ ਮਾਨਤਾ ਦੇ ਦਿੱਤੀ ਹੈ ਉਹਨਾਂ ਕਿਹਾ ਕਿ ਪੰਜਾਬ ਦੇ ਗਰੀਬ ਪਰਿਵਾਰਾਂ ਦੇ 68 ਕਰੋੜ ਦੇ ਕਰਜ਼ੇ ਮਾਫ ਕਰਕੇ ਮਜ਼ਦੂਰਾਂ ਨਾਲ ਮਜਾਕ ਕੀਤਾ ਹੈ। ਓਨਾਂ ਕਿਹਾ ਕਿ 13000 ਤੋਂ ਵੱਧ ਪਿੰਡਾਂ ਦੇ ਹਿਸਾਬ ਨਾਲ ਪੌਣੇ ਤਿੰਨ ਪਿੰਡਾਂ ਮਗਰ ਇੱਕ ਬੰਦੇ ਦੀ ਕਰਜ਼ਾ ਮੁਆਫ਼ੀ ਬਣਦੀ ਹੈ ਜੋ ਕਿ ਊਠ ਛਾਨਣੀ ਲਾਉਣ ਦੇ ਬਰਾਬਰ ਹੈ। । ਉਹਨਾਂ ਆਖਿਆ ਕਿ ਪੰਜਾਬ ਦੇ ਲੱਗਭਗ ਛੇ ਲੱਖ ਪਰਿਵਾਰਾਂ ਚੋਂ 84 ਫ਼ੀਸਦੀ ਪਰਿਵਾਰਾਂ ਸਿਰ ਛੇ ਹਜ਼ਾਰ ਕਰੋੜ ਰੁਪਏ ਤੋਂ ਵੱਧ ਦਾ ਕਰਜ਼ਾ ਹੈ।

ਉਹਨਾਂ ਦੱਸਿਆ ਕਿ ਮਜ਼ਦੂਰਾਂ ਸਿਰ ਚੜ੍ਹੇ ਕਰਜ਼ੇ ਚੋਂ ਸਭ ਤੋਂ ਵੱਧ ਕਰਜ਼ਾ ਮਾਈਕਰੋ ਫਾਈਨਾਂਸ ਕੰਪਨੀਆਂ ਦਾ ਹੈ ਜਿਹੜਾ ਕਿ ਆਏ ਦਿਨ ਵੱਧਦਾ ਜਾ ਰਿਹਾ ਹੈ। ਉਹਨਾਂ ਆਖਿਆ ਕਿ ਮਜ਼ਦੂਰਾਂ ਦੇ ਬੇਜ਼ਮੀਨੇ ਹੋਣ ਤੋਂ ਇਲ-ਾਵਾ ਹਰੇ ਇਨਕਲਾਬ ਦੀ ਬਦੌਲਤ ਮਜ਼ਦੂਰਾਂ ਦੇ ਹੋਏ ਰੁਜ਼ਗਾਰ ਉਜਾੜੇ ਘੱਟਦੀਆਂ ਉਜ਼ਰਤਾਂ, ਵੱਧਦੀ ਮਹਿੰਗਾਈ ਤੇ ਸਬਸਿਡੀਆਂ 'ਚ ਕਟੌਤੀ ਵਰਗੀਆਂ ਮਜ਼ਦੂਰ ਤੇ ਲੋਕ ਵਿਰੋਧੀ ਨੀਤੀਆਂ ਖੇਤ ਮਜ਼ਦੂਰਾਂ ਸਿਰ ਕਰਜ਼ੇ ਚੜ੍ਹਨ ਲਈ ਜ਼ਿੰਮੇਵਾਰ ਹਨ ਜੋ ਕਿ ਅਗਾਂਹ ਖ਼ੁਦਕੁਸ਼ੀਆਂ ਵਰਗੇ ਵਰਤਾਰੇ ਦੀ ਜੰਮਣ ਭੋਇ ਬਣਦਾ ਹੈ । ਇਸ ਲਈ ਮਜ਼ਦੂਰਾਂ ਸਿਰ ਚੜ੍ਹੇ ਸਮੁੱਚੇ ਕਰਜ਼ੇ ਨੂੰ ਸਰਕਾਰ ਵੱਲੋਂ ਮੁਆਫ਼ ਕੀਤਾ ਜਾਣਾ ਚਾਹੀਦਾ ਹੈ ਅਤੇ 12 ਘੰਟੇ ਕੰਮ ਲੈਣ ਦੇ ਮਜ਼ਦੂਰ ਵਿਰੋਧੀ ਫੈਸਲੇ ਨੂੰ ਰੱਦ ਕੀਤਾ ਜਾਣਾ ਚਾਹੀਦਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਫੋਰਸ ਦੇ ਜਿਲ੍ਹਾ ਸੀਨੀਅਰ ਮੀਤ ਪ੍ਰਧਾਨ ਸਤੀਸ਼ ਕੁਮਾਰ ਸ਼ੇਰਗੜ੍ਹ,ਅਨਿਲ ਕੁਮਾਰ ਬੰਟੀ, ਜਿਲ੍ਹਾ ਉੱਪ ਪ੍ਰਧਾਨ ਰਾਜ ਕੁਮਾਰ ਬੱਧਣ ਨਾਰਾ,ਸਤੀਸ਼ ਕੁਮਾਰ ਬਸੀ ਬਾਹਦ, ਭਿੰਦਾ ਸੀਣਾ,ਹਨੀ ਬਸੀ ਬਾਹਦ, ਸੁਖਵਿੰਦਰ ਫਤਿਹਗੜ੍ਹ, ਰਵੀ ਤੇ ਸਾਬੀ ਸੁੰਦਰ ਨਗਰ,ਜੋਤਾ, ਜੱਖੂ ਰਹੀਮਪੁਰ,ਰਾਜੂ, ਮਨਪ੍ਰੀਤ ਹਰਿਆਣਾ,ਅਰੁਣ ਕੁਮਾਰ ਹਰਿਆਣਾ,ਸੰਦੀਪ ਸੀਣਾ, ਵਿਪਨ ਕੁਮਾਰ ਬਸੀ ਕਲਾਂ,ਵਿਪਨ ਕੁਮਾਰ ਬਿਹਾਲਾ,ਵਿਸ਼ਾਲ ਬਿਹ-ਾਲਾ, ਲਖਵਿੰਦਰ ਬਿਹਾਲਾ,ਆਦਿ ਹਾਜ਼ਰ ਸਨ !



# ਤੂੰ ਕਾਹਦਾ ਮਾਣ ਕਰੇਂ ਬੰਦਿਆ

ਤੂੰ ਇੱਕ ਦਿਨ ਘੜੀ ਦੀਆਂ
ਸੂਈਆਂ ਵਾਂਗੂੰ ਖੜ੍ਹ 'ਜੇਂਗਾ ।
ਜਿਓਂ ਕਿੱਕਰ ਦੀ ਲੁੰਗ ਝੜਦੀ
ਓਸ ਤਰ੍ਹਾਂ ਝੜ 'ਜੇਂਗਾ ।
ਤੈਨੂੰ ਤੇਰੇ ਵਾਰਸਾਂ ਨੇ ਹੀ
ਅੱਗ ਦੀ ਭੇਂਟ ਚੜ੍ਹਾ ਦੇਣਾ ;
ਫ਼ਿਰ ਚੜ੍ਹ ਕੇ ਹਵਾ ਘਨੇੜੇ
ਵਿਰਲਾਂ ਦੇ ਵਿੱਚ ਵੜ 'ਜੇਂਗਾ।



**ਮੂਲ ਚੰਦ ਸ਼ਰਮਾ**
ਪ੍ਰਧਾਨ, ਪੰਜਾਬੀ ਸਾਹਿਤ
ਸਭਾ ਧੂਰੀ ਜ਼ਿਲ੍ਹਾ ਸੰਗਰੂਰ।
9914836037

# ਮਿਹਨਤ ਕਰੋ ਬੱਚਿਓ

ਮਿਹਨਤ ਕਰੋ ਬੱਚਿਓ/ ਬਾਲ ਕਵਿਤਾ
ਜੇ ਪਾਸ ਹੋਣਾ ਚਾਹੁੰਦੇ ਹੋ ਬੱਚਿਓ,
ਦਿਲ ਲਾ ਕੇ ਪੜ੍ਹਾਈ ਕਰੋ ਬੱਚਿਓ।
ਜਿਹੜੇ ਨਕਲ 'ਤੇ ਰੱਖੀ ਬੈਠੇ ਆਸ,
ਤੁਸੀਂ ਉਨ੍ਹਾਂ ਤੋਂ ਬਚ ਕੇ ਰਹੋ ਬੱਚਿਓ।
ਨਕਲ ਕਰਨ ਵਾਲੇ ਆਪ ਵੀ ਡੁੱਬਣ,
ਤੇ ਦੂਜਿਆਂ ਨੂੰ ਵੀ ਦੇਣ ਡਬੋ ਬੱਚਿਓ।
ਮਿਹਨਤ ਕਰਨ ਲਈ ਮਨ ਨੂੰ ਮਾਰੋ,
ਮਨ ਮਾਰਨ ਤੋਂ ਕਦੇ ਨਾ ਡਰੋ ਬੱਚਿਓ।
ਮਿਹਨਤ ਕਰਨ ਵਾਲੇ ਮਾਰਨ ਮੱਲਾਂ,
ਮਿਹਨਤ ਕਰਨ ਤੋਂ ਨਾ ਡਰੋ ਬੱਚਿਓ।
ਹੋਰਾਂ ਨੂੰ ਮਿਹਨਤ ਕਰਨ ਲਈ ਕਹੋ,
ਤੇ ਆਪ ਵੀ ਮਿਹਨਤ ਕਰੋ ਬੱਚਿਓ।
'ਮਾਨ ਸਰ' ਦੀ ਹੈ ਇਹੋ ਖਾਹਿਸ਼,
ਤੁਸੀਂ ਜ਼ਿੰਦਗੀ 'ਚ ਖੁਸ਼ ਰਹੋ ਬੱਚਿਓ।



**ਮਹਿੰਦਰ ਸਿੰਘ ਮਾਨ**
ਪਿੰਡ ਤੇ ਡਾਕ ਰੱਕੜਾਂ ਢਾਹਾ-144526
ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ
ਫੋਨ -9915803554

# ਸਿੱਖਿਆ ਦੀ ਅਨਪੜ੍ਹਤਾ ਨਾਲ ਜੰਗ

ਆਓ ਬੱਚਿਓ ਮੈਂ ਸੁਣਾਵਾਂ
ਤੁਹਾਨੂੰ ਇੱਕ ਗਹਿਰੀ ਬਾਤ।
ਅਨਪੜ੍ਹਤਾ ਤੇ ਸਿੱਖਿਆ ਵਿੱਚ
ਹੋਈ ਜੰਗ ਇੱਕ ਰਾਤ।

ਅਨਪੜ੍ਹਤਾ.........
ਅਨਪੜ੍ਹਤਾ ਬੋਲੀ ਮੈਂ ਕਾਲੀ
ਤੇ ਕਾਲੇ ਮੇਰੇ ਕੰਮ।
ਜਿੱਥੇ ਜਾ ਖਲੋਵਾਂ ਮੈਂ
ਰੋਸ਼ਨੀ ਦਾ ਘੁਟੇ ਦਮ।

ਸਿੱਖਿਆ......
ਸਿੱਖਿਆ ਕਹਿੰਦੀ ਅਨਪੜ੍ਹਤਾ
ਤੇਰੇ ਅਸਭਿਅ ਜਿਹੇ ਨੇ ਕੰਮ।
ਮੈਂ ਹਾਂ ਇੱਕ ਰੋਸ਼ਨੀ ਦੀ ਲਾਟ
ਮੈਨੂੰ ਨਹੀਂ ਸਕਦੀ ਤੂੰ ਬੰਨ੍ਹ।

ਅਨਪੜ੍ਹਤਾ......
ਮੈਂ ਗਰੀਬੀ ਫੈਲਾਉਂਦੀ
ਤੇ ਬੇਰੁਜਗਾਰੀ ਨਾਲ ਮੇਰਾ ਪਿਆਰ।
ਮੂਰਖਤਾ ਮੇਰੀ ਚੇਲੀ ਏ
ਤੇ ਰੋਗ ਮੇਰਾ ਹਥਿਆਰ।

ਸਿੱਖਿਆ.......
ਮੈਨੂੰ ਕਰੇ ਗ੍ਰਹਿਣ ਜੋ
ਮੈਂ ਦਿੰਦੀ ਰੋਗ ਨੂੰ ਤੋੜ।
ਸਿਆਣਪ, ਚਤੁਰਾਈ ਮੇਰੇ ਗੁਣ
ਫਿਰ ਰੁਜਗਾਰ ਦੀ ਰਹੇ ਨਾ ਥੋੜ।
ਹੁਣ ਹਰ ਗਲੀ- ਮੁਹੱਲੇ ਵਿਚ
ਮੇਰਾ ਹੀ ਬੋਲ ਬਾਲਾ ਏ।
ਸਕੂਲ, ਪਾਠਸ਼ਾਲਾ, ਕਾਲਜ 'ਚ
ਮੇਰਾ ਬੜਾ ਉਜਾਲਾ ਐ।
ਹੁਣ ਹਰ ਬੁੱਢੇ ਤੇ ਹਰ ਬੱਚੇ
ਦੇ ਹੱਥ ਵਿਚ ਸਿੱਖਿਆ ਹਥਿਆਰ ਐ।
ਤੇਰੇ ਦਸ ਸਿਰ ਵੱਢ ਦੇਣਗੇ
ਹੁਣ ਰੋਹ ਦੇ ਵਿਚ ਸੰਸਾਰ ਐ।



**ਨੀਤੂ ਬਾਲਾ ਕਵਿੱਤਰੀ**

# ਸਿਲਸਿਲਾ ਅਜੇ ਵੀ ਜਾਰੀ ਹੈ

ਪਿਆਰ ਮੁਹੱਬਤ ਇਕ ਧੋਖਾ ਹੈ ਫਰੇਬ ਹੈ
ਫਿਰ ਵੀ ਅੱਜ ਤੱਕ ਇਹ ਸਿਲਸਿਲਾ ਜਾਰੀ ਹੈ।
ਬੁੜਾਪੇ ਵਿੱਚ ਮਾਪਿਆਂ ਦੀ ਸੇਵਾ ਨਹੀਂ ਕਰਦੇ
ਫਿਰ ਵੀ ਮੁੰਡਿਆਂ ਦੀ ਇੱਛਾ ਕਰਨਾ ਜਾਰੀ ਹੈ।
ਜ਼ਿੰਦਗੀ ਦਾ ਕਮਾਇਆ ਧਨ ਨਾਲ ਨਹੀਂ ਜਾਏਗਾ
ਫਿਰ ਵੀ ਧਨ ਕਮਾਉਣ ਦਾ ਸਿਲਸਿਲਾ ਜਾਰੀ ਹੈ।
ਪੱਕਾ ਰਿਸ਼ਤਾ ਕਿੰਨਾ ਵੀ ਹੋਵੇ ਜਰੂਰ ਟੁੱਟੇਗਾ
ਫਿਰ ਵੀ ਰਿਸ਼ਤੇ ਬਣਾਉਣ ਦਾ ਸਿਲਸਿਲਾ ਜਾਰੀ ਹੈ।
ਬੱਚੇ ਨੇ ਵੱਡੇ ਹੋ ਕੇ ਇਕ  ਦਿਨ ਤਾਂ ਬੁੱਢਾ ਹੋਣਾ ਹੀ ਹੈ
ਫਿਰ ਵੀ ਬੁੜਾਪੇ ਵਿੱਚ ਜਵਾਨ ਹੋਣ ਦਾ ਸਿਲਸਿਲਾ ਜਾਰੀ ਹੈ।
ਕੁੱਤੇ ਦਾ ਚੱਟਣਾ ਅਤੇ ਵੱਡਣਾ ਦੋਨੋਂ ਹੀ ਗ੍ਰੰਥਾਂ ਵਿੱਚ ਮਨਾ ਹੈ
ਫਿਰ ਵੀ ਕੁੱਤਿਆਂ ਦਾ ਪਾਲਣ ਦਾ ਸਿਲਸਿਲਾ ਜਾਰੀ ਹੈ।
ਸਾਡੀ ਸੰਸਕ੍ਰਿਤੀ ਵਿੱਚ ਮਨੁੱਖ ਨੂੰ ਜਾਨਵਰ ਕਹਿਣਾ ਮਨਾ ਹੈ
ਫਿਰ ਵੀ ਮਨੁੱਖ ਨੂੰ ਸ਼ੇਰ ਕਹਿਣ ਦਾ ਸਿਲਸਿਲਾ ਜਾਰੀ ਹੈ।
ਜਿਉਂਦੇ ਜੀ ਬਜ਼ੁਰਗ ਨੂੰ ਖਾਣ ਵਾਸਤੇ ਰੋਟੀ ਦਿੰਦੇ ਹੀ ਨਹੀਂ
ਮਰਨ ਬਾਅਦ ਮਹਿੰਗੇ ਪ੍ਰੀਤੀ ਭੋਜ ਦਾ ਸਿਲਸਿਲਾ ਜਾਰੀ ਹੈ।
ਪਰਿਵਾਰ ਦੇ ਲੋਕਾਂ ਦੀ ਆਪਸ ਵਿੱਚ ਕਦੇ ਵੀ ਨਹੀਂ ਬਣਦੀ
ਫਿਰ ਵੀ ਓਪਰਿਆਂ ਨੂੰ ਆਪਣਾ ਬਣਾਉਣ ਦਾ ਸਿਲਸਿਲਾ ਜਾਰੀ ਹੈ।
ਆਪਣੇ ਜੀਵਨ ਵਿੱਚ ਹਰ ਆਦਮੀ ਬਹੁਤ ਪਾਪ ਕਰਦਾ ਹੈ
ਫਿਰ ਵੀ ਗੰਗਾ ਇਸ਼ਨਾਨ ਕਰਕੇ ਮੁਕਤੀ ਦਾ ਸਿਲਸਿਲਾ ਜਾਰੀ ਹੈ।

**ਪ੍ਰੋਫੈਸਰ ਸ਼ਾਮ ਲਾਲ ਕੌਸ਼ਲ**
ਮੋਬਾਈਲ 94 16 35 90 45
ਰੋਹਤਕ --124001(ਹਰਿਆਣਾ)





# ਪੰਜਾਬ ਵਿੱਚ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਦੇ ਲੱਗੇ ਸਟੈਚੂਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾਵੇ : ਡਾ ਐਮ ਜਮੀਲ ਬਾਲੀ

**ਹੁਸ਼ਿਆਰਪੁਰ (ਤਰਸੇਮ ਦੀਵਾਨਾ )** ਪੰਜਾਬ ਅੰਦਰ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੇ ਲੱਗੇ ਬੁੱਤ ਕਿਤੇ ਵੀ ਸੁਰੱਖਿਆ ਨਹੀਂ ਹਨ। ਜਿਨ੍ਹਾਂ ਨੇ ਦੇਸ਼ ਨੂੰ ਤੱਰਕੀ ਦੇ ਰਸਤੇ ਤੇ ਲਿਜਾਣ ਲਈ ਆਪਣਾ ਸਭ ਤੋਂ ਵੱਧ ਯੋਗਦਾਨ ਪਾਇਆ ਹੋਵੇ, ਭਾਰਤ ਦੇਸ਼ ਨੂੰ ਚੰਗਾ ਸੰਵਿਧਾਨ ਦਿੱਤਾ ਹੋਵੇ, ਦੇਸ਼ ਦੀ ਔਰਤ ਦੇ ਸਿਰ ਤੇ ਕਾਮਯਾਬੀ ਦਾ ਤਾਜ ਸਜਾਇਆ ਹੋਵੇ, ਹਰ ਵਰਗ ਦੇ ਲੋਕਾਂ ਨੂੰ ਹੱਕ ਹਕੂਕ ਲੈ ਕੇ ਦਿੱਤੇ ਹੋਣ ਅੱਜ ਉਨ੍ਹਾਂ ਦੇ ਸਟੈਚੂਆਂ ਦਾ ਪੰਜਾਬ ਅੰਦਰ ਅਪਮਾਨ ਹੋ ਰਿਹਾ ਹੋਵੇ ਹਾਂ ਕੀ ਪੰਜਾਬ ਤਰੱਕੀ ਦੇ ਰਸਤੇ ਤੇ ਚੱਲੇਗਾ ਇਹ ਵਿਚਾਰ ਸਥਾਨਕ ਬਾਲੀ ਹਸਪਤਾਲ ਦੇ ਐਮਡੀ ਉੱਘੇ ਸਮਾਜ ਸੇਵਕ ਅਤੇ ਬੁੱਧੀਜੀਵੀ ਸ਼ਖਸ਼ੀਅਤ ਡਾਕਟਰ ਅਹਿਮਦ ਜਮੀਲ ਬਾਲੀ ਨੇ ਸਾਡੇ ਪੱਤਰਕਾਰ ਨਾਲ ਇੱਕ ਪ੍ਰੈਸ ਵਾਰਤਾ ਦੌਰਾਨ ਸਾਂਝੇ ਕੀਤੇ । ਉਨ੍ਹਾਂ ਨੇ ਕਿਹਾ ਕਿ ਅਮਰੀਕਾ ਵਿੱਚ ਬੈਠੇ ਗੁਰਪਤਵੰਤ ਸਿੰਘ ਪੰਨੂੰ ਜੋ ਦੇਸ਼ ਦਾ ਮਹੌਲ ਖਰਾਬ ਕਰਨ ਦੀਆ ਲਗਾਤਾਰ ਕੋਝੀਆਂ ਚਾਲਾਂ ਖੇਡ ਰਿਹਾ ਹੈ, ਜਿਸ ਨੂੰ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਜਿਹਨਾਂ ਲੋਕਾਂ ਨੂੰ ਬਾਬਾ ਸਾਹਿਬ ਜੀ ਦੇ ਲਿਖੇ



ਸੰਵਿਧਾਨ ਤੋਂ ਐਨਾ ਹੀ ਡਰ ਲੱਗਦਾ ਹੈ,ਤਾਂ ਉਹ ਲੋਕ ਭਾਰਤ ਦੇਸ਼ ਨੂੰ ਛੱਡਕੇ ਕਿਤੇ ਬਾਹਰ ਚਲੇ ਜਾਣ! ਉਹਨਾਂ ਕਿਹਾ ਕਿ ਮੇਰੀ ਸਰਕਾਰਾਂ ਨੂੰ ਅਪੀਲ ਹੈ ਕਿ ਬਾਬਾ ਸਾਹਿਬ ਜੀ ਦੇ ਪੰਜਾਬ ਸਮੇਤ ਵੱਖ ਵੱਖ ਸੂਬਿਆਂ ਵਿੱਚ ਜਿੱਥੇ ਵੀ ਬੁੱਤ ਲੱਗੇ ਹੋਏ ਨੇ ਉਨ੍ਹਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾਵੇ ਤਾਂ ਕਿ ਕੋਈ ਵੀ ਸ਼ਰਾਰਤੀ, ਸਿਰਫਿਰੇ ਲੋਕ ਆਪਣਾ ਤੋਰੀ ਫੁਲਕਾ ਚਲਾਉਣ ਲਈ ਡਾ. ਅੰਬੇਡਤਰ ਜੀ ਦੇ ਬੁੱਤ ਨੂੰ ਨਿਸ਼ਾਨਾ ਨਾ ਬਣਾਉਣ। ਉਹਨਾਂ ਕਿਹਾ ਕਿ ਅਸੀਂ ਪੰਜਾਬ ਸਰਕਾਰ ਨੂੰ ਨਿੱਜੀ ਤੌਰ ਤੇ ਬੇਨਤੀ ਕਰਦੇ ਹਾਂ ਕਿ ਇਸ ਵੱਲ ਵਿਸ਼ੇਸ਼ ਤੌਰ ਤੇ ਧਿਆਨ ਦਿੱਤਾ ਜਾਵੇ ਅਤੇ ਉਨ੍ਹਾਂ ਸ਼ਰਾਰਤੀ ਅਨਸਰਾਂ ਨੂੰ ਫੜਕੇ ਸਖਤ ਤੋਂ ਸਖਤ ਸਜ਼ਾ ਦਿੱਤੀ ਜਾਵੇ।

# ਬਰਖਾਸਤ ਕੀਤੇ ਹੈਡਮਾਸਟਰਾਂ ਨੂੰ ਤੁਰੰਤ ਬਹਾਲ ਕਰੇ ਸਰਕਾਰ- ਗੌਰਮਿੰਟ ਟੀਚਰ ਯੂਨੀਅਨ

## ਰੈਗੂਲਰ ਕਰਨ ਦੀ ਬਜਾਏ ਹੈਡਮਾਸਟਰਾਂ ਨੂੰ ਬਰਖਾਸਤ ਕਰਨ ਦੀ ਗੌਰਮਿੰਟ ਟੀਚਰ ਯੂਨੀਅਨ ਵੱਲੋਂ ਸਖਤ ਨਿਖੇਧੀ: ਆਗੂ ਪ੍ਰਿੰਸ ਗੜਦੀਵਾਲਾ

**ਹੁਸ਼ਿਆਰਪੁਰ (ਤਰਸੇਮ ਦੀਵਾਨਾ )** ਗੌਰਮਿੰਟ ਟੀਚਰ ਯੂਨੀਅਨ ਹੁਸ਼ਿਆਰਪੁਰ ਅਤੇ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਹੁਸ਼ਿਆਰਪੁਰ ਦੇ (ਜ਼ਿਲ੍ਹਾ ਵਾਈਸ) ਪ੍ਰਧਾਨ ਪ੍ਰਿੰਸ ਗੜਦੀਵਾਲਾ ਸੀਨੀਅਰ ਆਗੂ ਜਗਵਿੰਦਰ ਸਿੰਘ, ਗੁਰਮੁੱਖ ਸਿੰਘ ਬਲਾਲਾ ਨੇ ਕਿਹਾ ਕਿ ਸਰਕਾਰ ਬਰਖਾਸਤ ਕੀਤੇ 29 ਹੈਡਮਾਸਟਰਾਂ ਨੂੰ ਤੁਰੰਤ ਬਹਾਲ ਕਰੇ। ਉਹਨਾਂ ਕਿਹਾ ਕਿ ਸਰਕਾਰ ਨੇ ਰੈਗੂਲਰ ਕਰਨ ਦੀ ਬਜਾਏ ਹੈਡਮਾਸਟਰਾਂ ਨੂੰ ਬਰਖਾਸਤ ਕੀਤਾ ਹੈ ,ਜਿਸ ਦੀ ਗੌਰਮਿੰਟ ਟੀਚਰ ਯੂਨੀਅਨ ਸਖਤ ਨਿਖੇਧੀ ਕਰਦੀ ਹੈ। ਉਹਨਾਂ ਕਿਹਾ ਕਿ ਸਰਕਾਰ ਨੇ 29 ਪਰਿਵਾਰਾਂ ਦੇ ਪੇਟ ਤੇ ਲੱਤ ਮਾਰ ਕੇ ਬਹੁਤ ਹੀ ਘਿਨਾਉਣੀ ਹਰਕਤ ਕੀਤੀ ਹੈ, ਜੋ ਕਿ ਬਰਦਾਸ਼ਤ ਤੋਂ ਬਾਹਰ ਹੈ।ਉਹਨਾ ਸਰਕਾਰ ਤੋਂ ਮੰਗ ਕੀਤੀ ਕਿ ਬਰਖਾਸਤ ਕੀਤੇ



ਜਾਣਕਾਰੀ ਦਿੰਦੇ ਹੋਏ ਗੌਰਮੈਂਟ ਟੀਚਰ ਯੂਨੀਅਨ ਦੇ ਆਗੂ ਸਾਹਿਬਾਨ ! ਫੋਟੋ ਅਜਮੇਰ ਦੀਵਾਨਾ

ਹੈੱਡਮਾਸਟਰਾਂ ਨੂੰ ਤੁਰੰਤ ਬਹਾਲ ਕੀਤਾ ਜਾਵੇ, ਨਹੀਂ ਤਾਂ ਤਿੱਖਾ ਸੰਘਰਸ਼ ਕੀਤਾ ਜਾਵੇਗਾ।ਇਸ ਮੌਕੇ ਤੇ ਉਹਨਾਂ ਨਾਲ ਮਾਸਟਰ ਸਚਿਨ ਗੜ੍ਹਦੀਵਾਲਾ, ਲਖਵੀਰ ਸਿੰਘ ਗੜ੍ਹਦੀਵਾਲਾ, ਅਨਿਲ ਕੁਮਾਰ, ਜਸਵਿੰਦਰ ਸਿੰਘ, ਦੀਪਕ ਕੌਂਡਲ, ਨਵੀਨ ਕਪਲਾ, ਸੰਜੀਵ ਕੁਮਾਰ ਜੌਹਰ, ਰਮਨਦੀਪ ਸਿੰਘ, ਹਰਮੀਕ ਸਿੰਘ ਮੀਕਾ, ਨਵਤੇਜ ਸਿੰਘ ਅਰਗੋਵਾਲ, ਮਲਕੀਤ ਸਿੰਘ, ਸੁਖਵਿੰਦਰ ਸਿੰਘ ਗੁਰਪ੍ਰੀਤ ਸਿੰਘ, ਸਚਿਨ ਕੁਮਾਰ, ਸੰਜੀਵ ਕੁਮਾਰ, ਰਮਨਦੀਪ ਸ਼ਰਮਾ, ਸੰਜੀਵ ਸਿੰਘ,ਆਦਿ ਸਾਥੀ ਹਾਜਰ ਸਨ।

# ਐਮਰਜੈਂਸੀ ਵਰ੍ਹੇ ਗੰਢ ਮੌਕੇ ਜ਼ਬਰ ਵਿਰੋਧੀ ਕਨਵੈਨਸ਼ਨ

**ਸੰਗਰੂਰ।** ਜਮਹੂਰੀ ਅਧਿਕਾਰ ਸਭਾ ਪੰਜਾਬ ਇਕਾਈ ਸੰਗਰੂਰ ਦੇ ਪ੍ਰਧਾਨ ਜਗਜੀਤ ਸਿੰਘ ਭੁਟਾਲ, ਸਕੱਤਰ ਕੁਲਦੀਪ ਸਿੰਘ ਕਮੋਮਾਜਰਾਤੇ ਪ੍ਰੈੱਸ ਸਕੱਤਰ ਜੁਝਾਰ ਲੌਂਗੋਵਾਲ ਨੇ ਇੱਕ ਪ੍ਰੈੱਸ ਬਿਆਨ ਰਾਹੀਂ ਦੱਸਿਆ ਕਿ ਕੇਂਦਰ ਦੀ ਬੀ ਜੇ ਪੀ ਸਰਕਾਰ ਵਲੋਂ ਆਪਣੇ ਰਾਸ਼ਟਰਵਾਦ ਦੇ ਬੁਰਕੇ ਹੇਠ ਸਮਾਜ ਨੂੰ ਵੰਡਣ ਅਤੇ ਕਾਰਪੋਰੇਟ ਵਿਕਾਸ ਮਾਡਲ ਦੇ ਏਜੰਡੇ ਨੂੰ ਜਾਬਰ ਤਰੀਕੇ ਨਾਲ ਲਾਗੂ ਕਰਨ ਲਈ ਦੇਸ਼ ਦੇ ਲੋਕਾਂ ਉਪਰ ਥੋਪੀ ਅਣ ਐਲਾਨੀ ਐਮਰਜੈਂਸੀ ,ਪੰਜਾਬ ਸਰਕਾਰ ਵੱਲੋਂ ਬੁਲਡੋਜ਼ਰ ਕਲਚਰ, ਝੂਠੇ ਪੁਲਿਸ ਮੁਕਾਬਲਿਆਂ, ਹਿਰਾਸਤੀ ਮੌਤਾਂ ਅਤੇ ਜਮਹੂਰੀ ਲੋਕ ਸੰਘਰਸ਼ਾਂ 'ਤੇ ਜਬਰ ਰਾਹੀਂ ਲੋਕਾਂ ਉਪਰ ਥੋਪੇ ਨੰਗੇ ਚਿੱਟੇ ਪੁਲਿਸ ਰਾਜ ਦੇ ਖਿਲਾਫ 22ਜੂਨ ਨੂੰ ਸਵੇਰੇ 10.30ਸਵੇਰ ਤੋਂ ਅਗਰਵਾਲ ਧਰਮਸ਼ਾਲਾ ਸੁਨਾਮੀ ਗੇਟ, ਨੇੜੇ ਵੱਡਾ ਚੌਂਕ, ਸੰਗਰੂਰ ਵਿਖੇ ਐਮਰਜੈਂਸੀ ਦੀ ਵਰ੍ਹੇਗੰਢ ਮੌਕੇ ਜ਼ਬਰ ਵਿਰੋਧੀ ਕਨਵੈਨਸ਼ਨ ਅਯੋਜਿਤ ਕੀਤੀ ਜਾਵੇਗੀ। ਇਸ ਦੇ ਮੁੱਖ ਬੁਲਾਰੇ ਪ੍ਰੋ. ਨੰਦਿਤਾ ਨਰੈਣ, ਸੇਂਟ ਸਟੀਫਨ ਕਾਲਜ, ਦਿੱਲੀ ਯੂਨੀਵਰਸਿਟੀ ਤੇ ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਵਿੱਤ ਸਕੱਤਰ ਤਰਸੇਮ ਲਾਲ ਪਟਿਆਲਾ ਹੋਣਗੇ।ਉਨ੍ਹਾਂ ਸਮੂਹ ਜਨਤਕ ਜਮਹੂਰੀ ਜਥੇਬੰਦੀਆਂ ਅਤੇ ਇਨਸਾਫ਼ ਪਸੰਦ ਲੋਕਾਂ ਨੂੰ ਇਸ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਦੀ ਪੁਰਜ਼ੋਰ ਬੇਨਤੀ ਕੀਤੀ ਹੈ।

**ਜਗਜੀਤ ਸਿੰਘ ਭੁਟਾਲ**
**ਪ੍ਰਧਾਨ, ਜਮਹੂਰੀ ਅਧਿਕਾਰ ਸਭਾ ਪੰਜਾਬ**
**ਜ਼ਿਲ੍ਹਾ ਇਕਾਈ ਸੰਗਰੂਰ**

# ਧੰਨ ਧੰਨ ਦਰਬਾਰ ਬੀਰੂ ਮਸਤ ਜੀ ਸਲਾਨਾ ਜੋੜ ਮੇਲਾ 20,21 ਅਤੇ ਛਿੰਜ ਮੇਲਾ 22 ਜੂਨ ਨੂੰ ਮਨਾਇਆ ਜਾਵੇਗਾ

## ਇਸ ਮੌਕੇ ਚੋਟੀ ਦੇ ਗਾਇਕ ਕਲਾਕਾਰ ਆਪਣੀ ਹਾਜਰੀ ਲਗਵਾਉਣ ਗੇ

**ਫਿਲੌਰ (ਚਰਨਜੀਤ ਸੱਲ੍ਹਾਂ )** ਧੰਨ ਧੰਨ ਦਰਬਾਰ ਬੀਰੂ ਮਸਤ ਜੀ ਪਿੰਡ ਢੇਸੀਆਂ ਕਾਹਨਾਂ (ਜਲੰਧਰ) ਵਿਖੇ ਪ੍ਰਬੰਧਕ ਕਮੇਟੀ, ਐਨ ਆਰ ਆਈ ਵੀਰਾ, ਨਵੇਂ ਸ਼ਹਿਰ ਵਾਲੀਆਂ ਸੰਗਤਾਂ ਅਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਹਰ ਸਾਲ ਦੀ ਤਰ੍ਹਾਂ ਧੰਨ ਧੰਨ ਦਰਬਾਰ ਬੀਰੂ ਮਸਤ ਜੀ ਦਾ ਸਲਾਨਾ ਜੋੜ ਮੇਲਾ ਮਿਤੀ 20,21 ਅਤੇ 22 ਜੂਨ ਦਿਨ ਸੁੱਕਰ,ਸਨੀ ਅਤੇ ਐਤਵਾਰ ਨੂੰ ਬਹੁਤ ਹੀ ਸ਼ਰਧਾ ਅਤੇ ਧੂਮਧਾਮ ਨਾਲ ਕਰਵਾਇਆ ਜਾ ਰਿਹਾ ਹੈ।

20 ਜੂਨ ਸ਼ੁੱਕਰਵਾਰ ਸਾਮ ਚਿਰਾਗ,ਝੰਡੇ ਅਤੇ ਚਾਦਰ ਦੀਆਂ ਰਸਮਾਂ ਨਿਭਾਈਆਂ ਜਾਣਗੀਆਂ ਅਤੇ ਸਾਮ ਪੰਜ ਵਜੇ ਮਹਿਫ਼ਿਲ ਏ ਕਵਾਲ ਅਤੇ ਨਕਲਾਂ ਦਾ ਪ੍ਰੋਗਰਾਮ ਕਰਵਾਇਆ ਜਾਵੇਗਾ। 21 ਜੂਨ ਦਿਨ ਸ਼ਨੀਵਾਰ ਨੂੰ ਚਿਰਾਗ,ਝੰਡੇ ਅਤੇ ਚਾਦਰ ਦੀਆਂ ਰਸਮਾਂ ਨਿਭਾਈਆਂ ਜਾਣਗੀਆਂ ਅਤੇ ਇਸ ਦੌਰਾਨ ਸਵੇਰੇ ਦਸ ਵਜੇ ਕਲਾਕਾਰਾਂ ਦੀ ਸਟੇਜ ਸ਼ੁਰੂ ਕੀਤੀ ਜਾਵੇਗੀ ਜਿਸ ਵਿੱਚ ਇੰਟਰਨੈਸ਼ਨਲ ਗਾਇਕ ਪਾਲੀ ਦੇਤਵਾਲੀਆ, ਬੂਟਾ ਮੁਹੰਮਦ, ਜਤਿੰਦਰ ਮਾਨ, ਭੋਟੂ ਸਾਹ ਅਤੇ ਕਵਿਤਾ ਭੱਲਾ, ਅਨੀਸਾ ਵਾਲੀਆਂ, ਆਰ ਕੇ ਮਹਿੰਦੀ, ਰਮਜਾਨਾ ਹੀਰ, ਰਿੱਕੀ ਮਾਨ, ਸ਼ੌਕਤ ਅਲੀ, ਰੂਪ ਸਿੰਘਾਨਿਆ ਅਤੇ ਚੰਦਨ ਪ੍ਰੀਤ ਗਾਇਕ ਕਲਾਕਾਰ ਅਤੇ ਸਟੇਜ ਸੈਕਟਰੀ ਕੇਵਲ ਬਿਲਗਾ ਅਤੇ ਕਮਲ ਮਾਨ ਆਪਣੀ ਹਾਜਰੀ ਲਗਵਾਉਣ ਗੇ।









22 ਜੂਨ ਦਿਨ ਐਤਵਾਰ ਨੂੰ ਸਵੇਰੇ ਦਸ ਵਜੇ ਸਟੇਜ ਸ਼ੁਰੂ ਕੀਤੀ ਜਾਵੇਗੀ ਅਤੇ ਗਿਆਰਾਂ ਵਜੇ ਨਕਲਾਂ ਅਤੇ ਸਾਮ ਨੂੰ ਛਿੰਜ ਕਰਵਾਈ ਜਾਵੇਗੀ ਜਿਸ ਵਿੱਚ ਪ੍ਰਿਪਾਲ ਫਗਵਾੜਾ ਅਤੇ ਧਰਮਿੰਦਰ ਕੋਹਾਲੀ, ਛੋਟਾ ਸੁਧਾਮ ਅਤੇ ਜੱਸਾ ਬਾੜੋਵਾਲ ਭਲਵਾਨਾਂ ਵਿਚਕਾਰ ਪਟਕੇ ਦੀ ਕੁਸਤੀ ਕਰਵਾਈ ਜਾਵੇਗੀ। ਮੇਲੇ ਦੌਰਾਨ ਠੰਡੇ ਮਿੱਠੇ ਜਲ ਦੀ ਛਬੀਲ, ਚਾਹ ਪਕੌੜਿਆਂ ਦਾ ਲੰਗਰ ਅਤੇ ਮਸਤਾਂ ਦਾ ਭੰਡਾਰਾ ਅਟੁੱਟ ਵਰਤਾਇਆ ਜਾਵੇਗ। ਸਭ ਸੰਗਤਾਂ ਨੂੰ ਪ੍ਰਬੰਧਕ ਕਮੇਟੀ ਪ੍ਰਧਾਨ ਜੋਗਿੰਦਰ ਪਾਲ ਸਰੋਆ, ਹਰਮੇਸ ਲਾਲ, ਬਲਜਿੰਦਰ ਰਾਜੂ, ਹਰਦੀਪ ਦੀਪਾ, ਗੁਰਚੇਤਨ ਚੇਤੂ, ਨਿਰਮਲ ਪੱਪੂ, ਮੁੱਲਖ ਰਾਜ ਜੱਖੂ (ਨੇਤਾ ਜੀ ਸਰਬਜੀਤ ਸੱਬੀ, ਯੋਗਰਾਜ ਮਹੇ ਅਤੇ ਗੀਤਕਾਰ ਗੋਰਾ ਢੇਸੀ ਦੁਆਰਾ ਨਿਮਰਤਾ ਸਹਿਤ ਬੇਨਤੀ ਹੈ ਕਿ ਮੇਲੇ ਵਿੱਚ ਪਹੁੰਚ ਕੇ ਮੇਲੇ ਦੀਆਂ ਰੌਣਕਾਂ ਵਧਾਓ ਅਤੇ ਦਰਬਾਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

for more news visit:
www.samajweekly.com

# ਸਵੈ-ਇੱਛਕ ਖੂਨਦਾਨ ਕੈਂਪ 19 ਜੂਨ ਨੂੰ



**ਗੜ੍ਹਸ਼ੰਕਰ ( ਬਲਵੀਰ ਚੌਪੜਾ )** ਵਾਇਸ ਆਫ਼ ਦ ਪੀਪਲ ਅਤੇ ਬਲੱਡ ਡੋਨਰਜ਼ ਕਲੱਬ ਇਲਾਕਾ ਬੀਟ (ਪੰਜਾਬ ਅਤੇ ਹਿਮਾਚਲ) ਵੱਲੋਂ ਪੀਜੀਆਈ ਦੇ ਸਹਿਯੋਗ ਨਾਲ 19 ਜੂਨ, ਵੀਰਵਾਰ ਨੂੰ ਸਵੇਰੇ 9:30 ਵਜੇ ਤੋਂ ਦੁਪਹਿਰ 2:00 ਵਜੇ ਤੱਕ ਮਾਤਾ ਸ਼ੀਤਲਾ ਮੰਦਰ, ਅੱਡਾ ਝੁੰਗੀਆਂ (ਇਲਾਕਾ ਬੀਤ) ਵਿਖੇ ਸਵੈ-ਇੱਛਤ ਖੂਨਦਾਨ ਕੈਂਪ ਲਗਾਇਆ ਜਾ ਰਿਹਾ ਹੈ। ਇਹ ਜਾਣਕਾਰੀ ਅਜਾਇਬ ਸਿੰਘ ਬੋਪਾਰਾਏ ਅਤੇ ਰਾਕੇਸ਼ ਪ੍ਰਜਾਪਤੀ ਨੇ ਦਿੱਤੀ। ਉਨ੍ਹਾਂ ਕਿਹਾ ਕਿ ਇੱਕ ਵਿਅਕਤੀ ਦੁਆਰਾ ਦਾਨ ਕੀਤਾ ਗਿਆ ਖੂਨ ਤਿੰਨ ਲੋਕਾਂ ਦੀ ਜਾਨ ਬਚਾ ਸਕਦਾ ਹੈ। ਇਸ ਸਮੇਂ ਪੀਜੀਆਈ ਵਿੱਚ ਮਰੀਜ਼ਾਂ ਦੀ ਗਿਣਤੀ ਨੂੰ ਦੇਖਦੇ ਹੋਏ ਖੂਨ ਦੀ ਭਾਰੀ ਘਾਟ ਹੈ। ਇਸ ਲਈ, ਅਸੀਂ ਸਾਰਿਆਂ ਨੂੰ 19 ਜੂਨ ਨੂੰ ਵੱਧ ਤੋਂ ਵੱਧ ਗਿਣਤੀ ਵਿੱਚ ਖੂਨਦਾਨ ਕਰਨ ਦੀ ਬੇਨਤੀ ਕਰਦੇ ਹਾਂ। ਇਸ ਲਈ, ਸਾਰਿਆਂ ਨੂੰ "ਮੈਂ 19 ਜੂਨ ਨੂੰ ਖੂਨਦਾਨ ਕਰਨ ਜਾ ਰਿਹਾ ਹਾਂ" "ਮੈਨੂੰ ਉਮੀਦ ਹੈ ਕਿ ਤੁਸੀਂ ਵੀ ਇਸ ਖੂਨਦਾਨ ਮੁਹਿੰਮ ਦਾ ਹਿੱਸਾ ਬਣੋਗੇ"। ਇਸ ਨਾਅਰੇ ਨਾਲ ਖੂਨਦਾਨ ਮੁਹਿੰਮ ਚਲਾਉਣ ਦੀ ਬੇਨਤੀ ਕੀਤੀ ਜਾਂਦੀ ਹੈ, ਤਾਂ ਜੋ ਵੱਧ ਤੋਂ ਵੱਧ ਲੋਕ ਖੂਨਦਾਨ ਕਰਨ ਲਈ ਲੋਕ ਅੱਗੇ ਆਉਣ।

# 18 ਜੂਨ ਨੂੰ ਚਲੋ ਸ੍ਰੀ ਖੁਰਾਲਗੜ੍ਹ ਸਾਹਿਬ



**ਫਿਲੌਰ ( ਚਰਨਜੀਤ ਸੱਲ੍ਹਾਂ )** ਫਿਲੌਰ ਵਿਧਾਨ ਸਭਾ ਦੇ ਪਿੰਡ ਜੌਹਲਾ ਵਿੱਚ ਬਹੁਜਨ ਸਮਾਜ ਪਾਰਟੀ ਦੀ ਮੀਟਿੰਗ ਹੋਈ। ਜਿਸ ਵਿੱਚ ਗੁਰੂ ਰਵਿਦਾਸ ਮਹਾਰਾਜ ਜੀ ਦੀ ਚਰਨ ਛੋਹ ਧਰਤੀ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਸ਼ਰਾਬ ਦੇ ਠੇਕੇ ਨੂੰ ਹਟਵਾਉਣ ਲਈ ਸ਼ਰਾਬ ਦੀਆਂ ਨਾਜਾਇਜ਼ ਦੁਕਾਨਾਂ ਬੰਦ ਕਰਵਾਉਣ ਲਈ ਤੇ ਡਾਕਟਰ ਅੰਬੇਡਕਰ ਜੀ ਦੀ ਬੇਅਦਬੀ ਦੇ ਵਿਰੁੱਧ ਅਤੇ ਪੰਜਾਬ ਦੀ ਵਿਗੜ ਰਹੀ ਅਮਨ ਕਾਨੂੰਨ ਦੀ ਸਥਿਤੀ ਦੇ ਵਿਰੁੱਧ ਬਹੁਜਨ ਸਮਾਜ ਪਾਰਟੀ 18 ਜੂਨ ਨੂੰ ਸ਼੍ਰੀ ਖੁਰਾਲਗੜ ਸਾਹਿਬ ਵਿਖੇ ਠੀਕ 10 ਵਜੇ ਇਕੱਠੇ ਹੋ ਕੇ ਕਾਫਲੇ ਦੇ ਰੂਪ ਵਿੱਚ ਗੜਸ਼ੰਕਰ ਵੱਲ ਨੂੰ ਚੱਲਣਗੇ। ਗੜਸ਼ੰਕਰ ਸ਼ਹਿਰ ਦੇ ਵਿੱਚ ਰੋਸ ਮਾਰਚ ਤੋਂ ਬਾਅਦ ਮੈਮੋਰੰਡਮ ਦਿੱਤਾ ਜਾਏਗਾ। ਜਿਸ ਦੀ ਜਾਣਕਾਰੀ ਵਰਕਰਾਂ ਤੇ ਆਗੂਆਂ ਨੂੰ ਦਿੱਤੀ ਗਈ। ਸਮੂਹ ਸੰਗਤਾਂ ਨੂੰ ਸਮੇਂ ਸਿਰ ਪਹੁੰਚਣ ਦੀ ਅਪੀਲ ਕੀਤੀ। ਇਸ ਮੌਕੇ ਤੀਰਥ ਰਾਜਪੁਰਾ ਜੀ ਸਟੇਟ ਕੋਆਰਡੀਨੇਟਰ ਵੀ ਪਹੁੰਚੇ। ਇਸ ਮੌਕੇ ਫਿਲੌਰ ਹਲਕੇ ਦੀ ਲੀਡਰਸ਼ਿਪ ਅਤੇ ਜੌਹਲਾ ਪਿੰਡ ਦੇ ਵਰਕਰ ਹਾਜ਼ਰ ਸਨ।

for more news visit:
www.samajweekly.com

# ਗੜ੍ਹਸ਼ੰਕਰ ਚ ਮਾਈਨਿੰਗ ਮਾਫੀਆ ਸਰਗਰਮ ਬੇਖੌਫ ਚੱਲ ਰਿਹਾ ਗੈਰ-ਕਾਨੂੰਨੀ ਮਿੱਟੀ ਮਾਫੀਆ ਦਾ ਧੰਦਾ :- ਨਿਮਿਸ਼ਾ ਮਹਿਤਾ



**ਗੜ੍ਹਸ਼ੰਕਰ ( ਪੱਤਰ ਪ੍ਰੇਰਕ**) ਹਲਕਾ ਗੜ੍ਹਸ਼ੰਕਰ ਵਿਚ ਮਿੱਟੀ ਮਾਫੀਆ ਵੱਲੋਂ ਅੰਨ੍ਹੇਵਾਹ ਚੱਲ ਰਹੀ ਮਾਈਨਿੰਗ ਦੇ ਮਸਲੇ ਨੂੰ 'ਆੜੇ ਹੱਥੀਂ ਲੈਂਦੇ ਭਾਜਪਾ ਦੀ ਹਲਕਾ ਇੰਚਾਰਜ ਨਿਮਿਸ਼ਾ ਮਹਿਤਾ ਨੇ ਕਿਹਾ ਕਿ ਇਲਾਕੇ ਵਿਚ ਮਿੱਟੀ ਮਾਫੀਆ ਗੈਂਗ ਦੀ ਗੈਰ-ਕਾਨੂੰਨੀ ਮਾਈਨਿੰਗ ਇਸ ਵੇਲੇ ਸਿਖਰਾਂ 'ਤੇ ਚੱਲ ਰਹੀ ਹੈ। "ਇਹ ਸਾਰਾ ਗੋਰਖਧੰਦਾ ਬਾਕਾਇਦਾ ਪੁਲਸ, ਮਾਈਨਿੰਗ ਅਤੇ ਟਰਾਂਸਪੋਰਟ ਵਿਭਾਗ ਦੇ ਅਫਸਰਾਂ ਦੀ ਕਥਿਤ ਮਿਲੀਭੁਗਤ ਨਾਲ ਚੱਲ ਰਿਹਾ ਹੈ। ਭਾਜਪਾ ਆਗੂ ਨੇ ਕਿਹਾ ਕਿ ਹਲਕੇ ਵਿਚ ਸਿਰਫ ਕੁਝ ਬੰਦਿਆਂ ਵੱਲੋਂ ਗਿਰੋਹ ਬਣਾ ਕੇ ਮਿੱਟੀ ਪੁਟਾਈ ਅਤੇ ਢੁਆਈ ਮਾਫੀਆ ਚਲਾਇਆ ਜਾ ਰਿਹਾ ਹੈ। ਇਨ੍ਹਾ ਮਾਈਨਿੰਗ ਮਾਫੀਏ ਵਾਲਿਆਂ ਦੇ ਟਰੈਕਟਰਾਂ 'ਤੇ ਨਾ ਕਿਤੇ ਨੰਬਰ ਪਲੇਟ ਹੁੰਦੀ ਹੈ ਅਤੇ ਨਾ ਹੀ ਵਾਹਨ ਚਾਲਕਾਂ ਕੋਲ ਡਰਾਈਵਿੰਗ ਲਾਇਸੈਂਸ। ਰੋਜ਼ਾਨਾ ਮਿੱਟੀ ਨਾਲ ਲੱਦੀਆਂ ਟਰਾਲੀਆਂ ਲੈ ਕੇ ਇਹ ਸੈਂਕੜੇ" ਟਰੈਕਟਰ-ਟਰਾਲੀਆਂ ਹਲਕਾ ਗੜ੍ਹਸ਼ੰਕਰ ਦੇ ਥਾਣਿਆਂ ਅਤੇ ਚੌਕੀਆਂ ਅੱਗੋਂ ਰੋਜ਼ਾਨਾ ਲੰਘਦੀਆਂ ਹਨ ਪਰ ਪੁਲਸ ਨੂੰ ਇਹ ਨਜ਼ਰ ਨਹੀਂ ਆਉਂਦੀਆਂ। ਨਿਮਿਸ਼ਾ ਮਹਿਤਾ ਨੇ ਕਿਹਾ ਕਿ ਗੜ੍ਹਸ਼ੰਕਰ ਵਿਚ ਮਿੱਟੀ ਮਾਫੀਆ ਦਾ ਇਕ ਗਿਰੋਹ ਬਣਾ ਕੇ ਕੰਮ ਕਰਨ ਵਾਲੀਆਂ ਇਨ੍ਹਾਂ ਪਾਰਟੀਆਂ ਤੋਂ ਇਲਾਵਾ ਜੇਕਰ ਕੋਈ ਆਮ ਵਿਅਕਤੀ ਟਰੈਕਟਰ-ਟਰਾਲੀ ਲੈ ਕੇ ' ਆਪਣੀ ਜ਼ਮੀਨ ਵਿਚੋਂ ਵੀ ਮਿੱਟੀ ਚੁੱਕੇ ਤਾਂ ਪੁਲਸ ਦੀਆਂ ਟੀਮਾਂ ਉਸ ਨੂੰ ਆ ਕੇ ਘੇਰਦੀਆਂ ਹਨ ਅਤੇ ਉਸ ਨੂੰ ਹਜ਼ਾਰਾਂ ਰੁਪਏ ਜੁਰਮਾਨਾ ਪਾਇਆ ਜਾਂਦਾ ਹੈ। ਨਿਮਿਸ਼ਾ ਮਹਿਤਾ ਨੇ ਕਿਹਾ ਕਿ ਜਗ੍ਹਾ-ਜਗ੍ਹਾ ਮਿੱਟੀ ਦੀ ਪੁਟਾਈ ਜੇ. ਸੀ. ਬੀ. ਮਸ਼ੀਨਾਂ ਨਾਲ 10 ਫੁੱਟ ਤੱਕ ਕੀਤੀ ਜਾ ਰਹੀ ਹੈ ਅਤੇ ਮਾਈਨਿੰਗ ਵਿਭਾਗ ਜਾਣਬੁੱਝ ਕੇ ਅੱਖਾਂ ਬੰਦ ਕਰ ਕੇ ਬੈਠਾ ਹੈ। ਜਦਕਿ ਨਾ ਤਾਂ ਢਾਈ ਫੁੱਟ ਤੋਂ ਵਧ ਪੁਟਾਈ ਕੀਤੀ ਜਾ ਸਕਦੀ ਹੈ ਅਤੇ ਨਾ ਹੀ ਇਹ ਪੁਟਾਈ ਜੇ. ਸੀ. ਬੀ. ਮਸ਼ੀਨਾਂ ਨਾਲ ਕੀਤੀ ਜਾ ਸਕਦੀ ਹੈ। ਪਰ ਸ਼ਰੇਆਮ ਕਾਨੂੰਨ ਦੀਆਂ ਮਾਈਨਿੰਗ ਵਿਭਾਗ ਆਪ ਧੱਜੀਆਂ ਉਡਵਾ ਰਿਹਾ ਹੈ। ਨਿਮਿਸ਼ਾ ਮਹਿਤਾ ਨੇ ਦੱਸਿਆ ਕਿ ਟਰੈਕਟਰ-ਟਰਾਲੀਆਂ ਦੇ ਇਸ ਮਾਫੀਆ ਨਾਲ ਹਾਦਸਿਆਂ ਵਿਚ 5 ਵਿਅਕਤੀ ਜਾਨ ਗੁਆ ਚੁੱਕੇ ਹਨ ਅਤੇ ਟਰਾਂਸਪੋਰਟ ਵਿਭਾਗ ਦੇ ਕੰਨ੍ਹ 'ਤੇ ਜੂੰ ਤੱਕ ਨਹੀਂ ਸਰਕੀ ਹੈ। ਉਨ੍ਹਾਂ ਕਿਹਾ ਕਿ ਗੜ੍ਹਸ਼ੰਕਰ ਦੇ ਪਿੰਡਾਂ ਦੇ ਲੋਕ ਇਨ੍ਹਾਂ ਟਰਾਲੀਆਂ ਤੋਂ ਕਾਫੀ ਪ੍ਰੇਸ਼ਾਨ ਹਨ ਅਤੇ ਇਨ੍ਹਾਂ ਓਵਰਲੋਡਿਡ ਟਰਾਲੀਆਂ ਕਾਰਨ ਸੜਕਾਂ ਦਾ ਨੁਕਸਾਨ ਹੋ ਰਿਹਾ ਹੈ। ਦਿਨ-ਰਾਤ ਚੱਲਣ ਵਾਲੀਆਂ ਇਹ ਟਰਾਲੀਆਂ ਪਿੰਡਾਂ ਨੂੰ ਜਾਣ ਵਾਲਾ ਸਾਰਾ ਰਸਤਾ ਘੇਰੀ ਰੱਖਦੀਆਂ ਹਨ ਅਤੇ ਆਮ ਲੋਕਾਂ ਨੂੰ ਇਨ੍ਹਾਂ ਕਰਕੇ ਕਾਫੀ ਖੱਜਲ-ਖੁਆਰ ਹੋਣਾ ਪੈਂਦਾ ਹੈ। ਨਿਮਿਸ਼ਾ ਮਹਿਤਾ ਨੇ ਕਿਹਾ ਕਿ ਇਹ ਸਾਰਾ ਕੁਝ ਸੱਤਾਧਾਰੀਆਂ ਦੀ ਸ਼ਹਿ 'ਤੇ ਹੀ ਚੱਲ ਰਿਹਾ ਹੈ । ਉਨ੍ਹਾਂ ਅਫਸਰਾਂ ਨੂੰ ਚਿਤਾਵਨੀ ਦਿੰਦੇ ਕਿਹਾ ਕਿ ਬਿਹਤਰ ਹੋਵੇਗਾ ਕਿ ਉਹ ਇਸ ਮਸਲੇ ਨੂੰ ਗੰਭੀਰਤਾ ਨਾਲ ਲੈਣ।

# ਖੇਡਾਂ ਬੱਚੇ ਦਾ ਸਰਵਪੱਖੀ ਵਿਕਾਸ ਕਰਦੀਆਂ ਹਨ: ਸਰਬਜੀਤ ਮੰਗੂਵਾਲ



**ਬੰਗਾ ( ਚਰਨਜੀਤ ਸੱਲ੍ਹਾਂ )** ਪੰਜਾਬ ਦੇ ਪਿਡਾਂ ਤੇ ਸ਼ਹਿਰਾਂ ਵਿੱਚ ਵੱਖ-ਵੱਖ ਖੇਡਾਂ ਦੁਆਰਾ ਬੱਚਿਆਂ ਨੂੰ ਟ੍ਰੇਨਿੰਗ ਦਿੱਤੀ ਜਾ ਰਹੀ ਹੈ ਜਿਸ ਨੂੰ ਮੁੱਖ ਰੱਖਦਿਆਂ ਹੋਇਆਂ ਖੇਡ ਵਿਭਾਗ ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਜਿਲਾ ਸ਼ਹੀਦ ਭਗਤ ਸਿੰਘ ਨਗਰ ਦੇ ਡੀ ਐਸ ਓ ਮੈਡਮ ਵੰਦਨਾ ਚੌਹਾਨ ਨੇ ਜਿਲੇ ਵਿੱਚ ਵੱਖ-ਵੱਖ ਟ੍ਰੇਨਿੰਗ ਸੈਂਟਰਾਂ ਵਿੱਚ ਖੇਡਾਂ ਦੇ ਡੇ ਸਕਾਲਰ ਸਪੋਰਟਸ ਵਿੰਗ ਪ੍ਰਵਾਨ ਕਰਦੇ ਹੋਏ ਅਕੈਡਮੀਆਂ ਦੇ ਖਿਡਾਰੀਆਂ ਲਈ ਡਾਈਟ ਭੇਜਣ ਦੀ ਸ਼ੁਰੂਆਤ ਕੀਤੀ ਹੈ। ਮਾਹਿਲ ਗਹਿਲਾ ਫੁੱਟਬਾਲ ਅਕੈਡਮੀ ਦੇ ਟ੍ਰੇਨਿੰਗ ਸੈਸ਼ਨ ਮਗਰੋਂ ਖਿਡਾਰੀਆ ਨੂੰ ਡਾਈਟ ਦੇਣ ਤੋਂ ਪਹਿਲਾਂ ਅਕੈਡਮੀ ਦੇ ਕੋਚ ਸਰਬਜੀਤ ਮੰਗੂਵਾਲ ਨੇ ਡੀ ਐਸ ਓ ਮੈਡਮ ਵੰਦਨਾ ਚੌਹਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਖੇਡਾਂ'ਚ ਭਾਗ ਲੈਣ ਨਾਲ ਬੱਚਿਆਂ ਦਾ ਸਰੀਰਕ, ਮਾਨਸਿਕ, ਸਮਾਜਿਕ ਅਤੇ ਸਾਈਕਾਲੋਜੀਕਲ ਤੌਰ ਤੇ ਭਾਵ ਆਲ-ਰਾਊਂਡ ਡਿਪਾਰਟਮੈਂਟ ਹੁੰਦੀ ਹੈ ਜਿਸ ਨਾਲ ਬੱਚੇ ਆਪਣੇ ਮਾਂ-ਬਾਪ, ਪਿੰਡ, ਜਿਲੇ, ਇਲਾਕੇ, ਸਟੇਟ ਅਤੇ ਦੇਸ਼ ਦਾ ਨਾਂਅ ਰੌਸ਼ਨ ਕਰਨ ਦੇ ਯੋਗ ਹੋ ਸਕਦੇ ਹਨ। ਉਨ੍ਹਾਂ ਨੇ ਬੱਚਿਆਂ ਨੂੰ ਰੈਗੂਲਰ ਟ੍ਰੇਨਿੰਗ ਕਰਨ ਲਈ ਵੀ ਪ੍ਰੇਰਿਤ ਕੀਤਾ ਤੇ ਮੈਡਮ ਵੰਦਨਾ ਚੌਹਾਨ ਡੀ ਐਸ ਓ ਜਿਲਾ ਸ਼ਹੀਦ ਭਗਤ ਸਿੰਘ ਨਗਰ (ਨਵਾਂਸ਼ਹਿਰ) ਦਫਤਰ ਦੇ ਸੁਪਰਡੈਂਟ ਅੰਜੂ ਮਾਹਿਲ ਅਤੇ ਐਸਿਸਟੈਂਟ ਸਤਪਾਲ ਸਿੰਘ ਦਾ ਵੀ ਧੰਨਵਾਦ ਕੀਤਾ।

# ਕੀ ਔਕਲੈਂਡ ਵਿੱਚ CV ਘਟਣ ਨਾਲ ਘਰ ਸਸਤੇ ਹੋਣਗੇ?

ਘਰਾਂ ਦੇ ਮਾਲਕ ਹਮੇਸ਼ਾਂ ਖ਼ੁਸ਼ ਹੁੰਦੇ ਹਨ ਜਦੋਂ ਘਰ ਮਹਿੰਗੇ ਹੋਈ ਜਾਣ ਅਤੇ ਘਰਾਂ ਦੇ ਖਰੀਦਦਾਰ ਖ਼ੁਸ਼ ਹੁੰਦੇ ਹਨ ਕਿ ਘਰ ਸਸਤੇ ਹੋ ਜਾਣ ਤਾਂ ਕਿ ਖਰੀਦੇ ਜਾ ਸਕਣ ।
ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸਮੇਂ ਸਮੇਂ ਤੇ ਘਰ ਕਦੇ ਸਸਤੇ ਅਤੇ ਕਦੇ ਮਹਿੰਗੇ ਹੁੰਦੇ ਰਹਿੰਦੇ ਹਨ ਪਰ ਇਨ੍ਹਾਂ ਦੇ ਕਈ ਕਾਰਣ ਹੁੰਦੇ ਹਨ । ਲੋਕਾਂ ਵਿੱਚ ਜਿਆਦਾ ਡਰ ਜਾਣਕਾਰੀ ਦੀ ਘਾਟ ਕਾਰਣ ਪੈਦਾ ਹੁੰਦਾ ਹੈ ਲ ਇਸ ਕਰਕੇ ਚੰਗੀ ਗੱਲ ਹੈ ਕਿ ਵੱਧ ਤੋਂ ਵੱਧ ਜਾਣਕਾਰੀ ਹਾਸਿਲ ਕੀਤੀ ਜਾਵੇ।
ਮੈਨੂੰ ਕਾਫੀ ਵਿਅਕਤੀਆਂ ਦੇ ਫੋਨ ਆਏ ਜਿਨ੍ਹਾਂ ਦਾ ਘਰ ਖਰੀਦਣ ਦਾ ਸੌਦਾ ਅੱਧ ਵਿਚਾਲੇ ਸੀ । ਬਾਦ ਵਿੱਚ CV 9% ਘਟ ਗਈ ਤਾਂ ਉਹ ਪੁੱਛ ਰਹੇ ਸੀ ਕਿ ਸੌਦਾ ਕਰਨ ਵਿੱਚ ਫਾਇਦਾ ਹੈ ਜਾਂ ਛੱਡਣ ਵਿੱਚ? ਆਓ ਸਮਝੀਏ ।
CV ਦਾ ਭਾਵ ਹੈ ਕੈਪੀਟਲ ਵੈਲੂਊ (Caiptal Value) ।ਇਹ CV ਕਾਉਂਸਿਲ ਵਲੋਂ ਘਰਾਂ ਦੇ ਰੇਟ ਚਾਰਜ਼ ਕਰਨ ਲਈ ਕਰਵਾਈ ਜਾਂਦੀ ਹੈ । ਇਸ ਕਰਕੇ ਇਸ ਨੂੰ ਰੇਟਿੰਗ ਵੈਲੂਏਸ਼ਨ ਵੀ ਕਹਿ ਸਕਦੇ ਹਾਂ । ਮੇਰਾ ਮੰਨਣਾ ਹੈ ਕਿ CV ਦਾ ਘਰਾਂ ਦੀ ਮਾਰਕੀਟ ਦੇ ਉੱਤੇ ਥੱਲੇ ਜਾਣ ਦਾ ਕੋਈ ਸਬੰਧ ਨਹੀਂ ਹੈ । ਘਰਾਂ ਦੀ ਮਾਰਕੀਟ ਦੇ ਉੱਤੇ ਥੱਲੇ ਜਾਣ ਦੇ ਹੋਰ ਕਾਰਣ ਹੋ ਸਕਦੇ ਹਨ ਪਰ CV ਦੇ ਥੱਲੇ ਜਾਂ ਉੱਤੇ ਜਾਣ ਨਾਲ ਘਰਾਂ ਦੀ ਕੀਮਤ ਨੂੰ ਕੋਈ ਫਰਕ ਨਹੀਂ ਪੈਂਦਾ ।
CV ਦਾ ਫਰਕ ਸਾਡੇ ਮਾਈਂਡਸੈੱਟ ਨੂੰ ਪੈਂਦਾ ਹੈ । ਜਿਸ ਤਰਾਂ ਜੇ ਘਰਾਂ ਦੀ ਕੀਮਤ ਉੱਪਰ ਜਾਵੇਗੀ ਤਾਂ ਘਰਾਂ ਦੇ ਮਾਲਕ ਅਮੀਰ ਮਹਿਸੂਸ ਕਰਨਗੇ ਅਤੇ ਉਹ ਇਸੇ ਖੁਸ਼ੀ ਵਿੱਚ ਖਰਚਾ ਵੱਧ ਕਰਨਗੇ ਅਤੇ CV ਘਟਣ ਦੀ ਸੂਰਤ ਵਿੱਚ ਇਸ ਤੋਂ ਉਲਟ ਹੋਵੇਗਾ । ਜਦੋਂ ਲੋਕ ਖਰਚਾ ਘੱਟ ਕਰਨ ਤਾਂ ਆਰਥਿਕ ਮੰਦੀ ਆ ਜਾਂਦੀ ਹੈ ।
ਆਓ ਹੁਣ ਦੇਖਦੇ ਹਾਂ ਕਿ ਮਾਰਕੀਟ ਵਿੱਚ ਘਰਾਂ ਦੇ ਪ੍ਰਾਈਸ (Pirce) ਜਾਂ ਆਸਕਿੰਗ ਪ੍ਰਾਈਸ (Asikng Pirce) ਕਿਵੇਂ ਤਹਿ ਹੁੰਦੇ ਹਨ? ਜਦੋਂ ਕੋਈ ਵਿਅਕਤੀ ਆਪਣਾ ਘਰ ਰੀਅਲ ਐਸਟੇਟ ਰਾਹੀਂ ਵੇਚਣਾ ਚਾਹਵੇ ਤਾਂ ਉਹ ਰੀਅਲ ਐਸਟੇਟ ਏਜੇਂਟ ਨੂੰ ਪੁੱਛਦਾ ਹੈ ਕਿ ਉਸ ਦਾ ਘਰ ਕਿੰਨੇ ਦਾ ਵਿਕੇਗਾ? ਰੀਅਲ ਐਸਟੇਟ ਏਜੇਂਟ ਉਸ ਇਲਾਕੇ ਦੀ ਅੱਪ-ਟੂ-ਡੇਟ ਸੇਲਸ ਰਿਪੋਰਟ ਦੇਖਦਾ ਹੈ ਕਿ ਉਸ ਇਲਾਕੇ ਵਿੱਚ ਘਰ ਪਿਛਲੇ ਕੁੱਝ ਮਹੀਨਿਆਂ ਵਿੱਚ ਕਿੰਨੇ ਕਿੰਨੇ ਦੇ ਵਿਕੇ ਹਨ? ਉਹ ਵਿਕੇ ਹੋਏ ਘਰ ਉਸ ਘਰ ਨਾਲੋਂ ਛੋਟੇ ਵੱਡੇ ਹੋ ਸਕਦੇ ਹਨ, ਉਨ੍ਹਾਂ ਘਰਾਂ ਦੀ ਜ਼ਮੀਨ ਵੱਧ ਘੱਟ ਹੋ ਸਕਦੀ ਹੈ, ਉਨ੍ਹਾਂ ਦੇ ਟਾਈਟਲ ਵੱਖ ਵੱਖ ਹੋ ਸਕਦੇ ਹਨ ਜਿਨ੍ਹਾਂ ਕਾਰਣ ਉਨ੍ਹਾਂ ਘਰਾਂ ਨੂੰ ਵਿਕਣ ਵਾਲੇ ਘਰ ਨਾਲ ਸਿੱਧਾ ਨਹੀਂ ਮਿਲਾਇਆ ਜਾ ਸਕਦਾ ।
ਉਨ੍ਹਾਂ ਸੇਲਾਂ ਮੁਤਾਬਿਕ ਏਜੇਂਟ ਵਿਕਣ ਵਾਲੇ ਘਰ ਦਾ ਪ੍ਰਾਈਸ (Pirce) ਅਡਜਸਟ (Adjust) ਕਰਦਾ ਹੈ ਅਤੇ ਘਰ ਦੇ ਮਾਲਿਕ ਨਾਲ ਵਿਚਾਰਦਾ ਹੈ ਲ ਜੇ ਘਰਾਂ ਦੀ ਮਾਰਕੀਟ ਤੇਜ਼ ਹੈ ਤਾਂ ਪ੍ਰਾਈਸ ਵੀਹ ਜਾਂ ਤੀਹ ਹਜ਼ਾਰ ਫਾਲਤੂ ਹੋ ਸਕਦਾ ਹੈ ਪਰ ਠੰਡੀ ਮਾਰਕੀਟ ਵਿੱਚ ਤਕਰੀਬਨ ਜਿਆਦਾ ਕੀਮਤ ਨਹੀਂ ਹੁੰਦੀ ਲ ਕੁੱਝ ਕੀਮਤ ਘਰਾਂ ਦੀ ਨੈਗੋਸੀਏਸ਼ਨ ਵੇਲੇ ਵੀ ਘੱਟ ਹੋ ਜਾਂਦੀ ਹੈ ।
ਉੱਪਰ ਵਾਲਾ ਤਰੀਕਾ ਵਰਤਣ ਵੇਲੇ ਏਜੇਂਟ ਨੇ ਕੋਈ CV ਨਹੀਂ ਦੇਖੀ । ਇਸ ਕਰਕੇ ਉਸ ਘਰ ਦਾ ਪ੍ਰਾਈਸ CV ਤੇ ਬਿਲਕੁਲ ਨਿਰਭਰ ਨਹੀਂ ਕਰੇਗਾ ।ਇਸ ਤੋਂ ਵੀ ਉੱਪਰ ਕਿ CV ਤਿੰਨ ਸਾਲਾਂ ਬਾਦ ਆਉਂਦੀ ਹੈ ਜਦਕਿ ਘਰਾਂ ਦੀ ਕੀਮਤ ਤਕਰੀਬਨ ਹਰ ਮਹੀਨੇ ਬਦਲਦੀ ਹੈ ਲ ਇਸ ਕਰਕੇ CV ਨੂੰ ਘਰ ਦੀ ਕੀਮਤ ਨਾਲ ਮਿਲਾ ਕੇ ਦੇਖਣਾ ਹੀ ਗਲਤ ਹੈ।
ਕਦੇ ਕਦੇ ਬੈਂਕਾਂ CV ਦੇ ਅਧਾਰ ਤੇ ਪ੍ਰਾਪਰਟੀ ਦੀ ਕੀਮਤ ਨੂੰ ਸਹੀ ਮੰਨ ਲੈਂਦੀਆਂ ਹਨ । ਉਹ ਸਿਰਫ ਉਨ੍ਹਾਂ ਕੇਸਾਂ ਵਿੱਚ ਹੁੰਦਾ ਹੈ ਜਿੱਥੇ ਖਰੀਦਦਾਰ ਕੋਲ ਇਕੁਇਟੀ (Eqiuty) ਬਹੁਤ ਜਿਆਦਾ ਹੁੰਦੀ ਹੈ।
ਕੁੱਝ ਕੇਸਾਂ ਵਿੱਚ ਈ ਵੈਲੂਏਸ਼ਨ ਨੂੰ ਬੈਂਕ ਮੰਨ ਲੈਂਦੀ ਹੈ ਜੋ 50 ਕੁ ਡਾਲਰ ਵਿੱਚ ਆਨਲਾਇਨ ਤੁਸੀਂ ਖ਼ੁਦ ਵੀ ਕਰ ਸਕਦੇ ਹੋ । ਆਮ ਤੌਰ ਤੇ ਬੈਂਕਾਂ ਮੁਫ਼ਤ ਹੀ ਕਰ ਲੈਂਦੀਆਂ ਹਨ ਜਾਂ ਆਪਣੇ ਖਰਚ ਤੇ ਕਰ ਲੈਂਦੀਆਂ ਹਨ । ਅਸਲੀ ਵੈਲੂਏਸ਼ਨ ਮਾਰਕੀਟ ਵੈਲੂਏਸ਼ਨ (Market Valuaiton) ਨੂੰ ਮੰਨਿਆ ਜਾਂਦਾ ਹੈ ਜੋ ਕਿ ਪ੍ਰਾਈਵੇਟ ਵੈਲੂਏਸ਼ਨ ਕੰਪਨੀ ਕਰਦੀ ਹੈ ਜਿਸ ਨੂੰ ਰਜਿਸਟਰਡ (Reigstered Valuaiton) ਵੈਲੂਏਸ਼ਨ ਵੀ ਕਹਿੰਦੇ ਹਨ ਪਰ ਆਮ ਘਰ ਵਾਸਤੇ ਇਸ ਦੀ ਕੀਮਤ $800 ਦੇ ਕਰੀਬ ਹੁੰਦੀ ਹੈ ਪਰ ਮਹਿੰਗੇ ਘਰਾਂ ਵਿੱਚ ਇਹ ਮਹਿੰਗੀ ਹੋ ਸਕਦੀ ਹੈ । ਇਹ ਖਰਚਾ ਘਰ ਖਰੀਦਣ ਵਾਲੇ ਨੂੰ ਦੇਣਾ ਪੈਂਦਾ ਹੈ । ਇਸ ਵੈਲੂਏਸ਼ਨ ਦਾ ਆਰਡਰ ਵੀ ਅੱਜਕਲ੍ਹ ਬੈਂਕਾਂ ਆਪਣੇ ਅੰਦਰੂਨੀ (Internal) ਸਿਸਟਮ ਰਾਹੀਂ ਹੀ ਕਰਦੀਆਂ ਹਨ।
ਮੈਂ ਪਿਛਲੇ 26 ਸਾਲਾਂ ਵਿੱਚ ਸੈਂਕੜੇ ਘਰ ਖਰੀਦੇ ਲ ਖਰੀਦਣ ਵੇਲੇ ਕਦੇ ਜਾਣ ਬੁੱਝ ਕੇ ਛੜ ਨਹੀਂ ਦੇਖੀ ਪਰ ਕਈ ਵਾਰ ਘਰਾਂ ਦੇ ਹੋਰ ਕਾਗਜ਼ ਪੜ੍ਹਦਿਆਂ ਛੜ ਦਿਸ ਪਈ ਹੋਵੇ ਤਾਂ ਵੱਖਰੀ ਗੱਲ ਹੈ ।
ਹੁਣ ਵੀ CV ਘਟੀ ਹੈ ਤਾਂ ਮੈਂ ਕੋਈ ਨੋਟਿਸ ਨਹੀਂ ਲਿਆ ਸੀ ਪਰ ਮੈਨੂੰ ਕਾਫੀ ਫੋਨ ਆਉਣ ਕਰਕੇ ਉਸ ਬਾਰੇ ਲਿਖ ਰਿਹਾ ਹਾਂ।
ਘਰ ਖਰੀਦਣ ਜਾਂ ਵੇਚਣ ਵੇਲੇ ਜਾਂ ਘਰਾਂ ਵਿੱਚ ਇਨਵੈਸਟ ਕਰਨ ਵੇਲੇ ਸੈਂਕੜੇ ਇਸ ਤਰਾਂ ਦੇ ਨੁਕਤੇ ਹਨ ਜਿਨ੍ਹਾਂ ਦਾ ਸਾਨੂੰ ਆਪ ਪਤਾ ਹੋਣਾ ਚਾਹੀਦਾ ਹੈ । ਨਾ ਪਤਾ ਹੋਣ ਦੀ ਸੂਰਤ ਵਿੱਚ ਅਸੀਂ ਹਜ਼ਾਰਾਂ ਜਾਂ ਕਈ ਵਾਰ ਲੱਖਾਂ ਦਾ ਨੁਕਸਾਨ ਕਰਾ ਬੈਠਦੇ ਹਾਂ।
ਮੇਰੇ ਕੋਲ ਸਾਰਿਆਂ ਨਾਲ ਗੱਲ ਕਰਨ ਦਾ ਸਮਾਂ ਨਹੀਂ ਹੁੰਦਾ ਲ ਇਸੇ ਕਰਕੇ ਮੈਂ ਘਰਾਂ ਦੀ ਇਨਵੈਸਟਮੈਂਟ ਬਾਰੇ ਕਿਤਾਬ "Homeless to Mulit-Mililoniare" ਲਿਖੀ ਹੈ ਤਾਂ ਕਿ ਸਾਰੇ ਪਾਠਕ ਘਰ ਬੈਠੇ ਹੀ ਲਾਭ ਉਠਾ ਸਕਣ। ਇਹ ਕਿਤਾਬ ਕਿਰਾਏ ਤੇ ਰਹਿਣ ਵਾਲਿਆਂ ਲਈ, ਪਹਿਲਾ ਘਰ ਖਰੀਦਣ ਵਾਲਿਆਂ ਲਈ, ਘਰਾਂ ਵਿੱਚ ਇਨਵੈਸਟਮੈਂਟ ਕਰਨ ਵਾਲਿਆਂ ਲਈ, ਨੌਕਰੀ ਤੋਂ ਛੁਟਕਾਰਾ ਕਰਵਾਉਣ ਵਾਲਿਆਂ ਲਈ ਜਾਂ ਜਲਦੀ ਫਾਈਨੈਂਸ਼ਲ ਆਜ਼ਾਦੀ ਹਾਸਿਲ ਕਰਨ ਵਾਲਿਆਂ ਲਈ ਲਾਹੇਵੰਦ ਹੈ । ਤੁਸੀਂ ਕਿਤਾਬ ਟਰੇਡ ਮੀ ਤੋਂ ਖਰੀਦ ਸਕਦੇ ਹੋ ਜਾਂ ਮੇਰੇ ਕੋਲੋਂ ਖਰੀਦ ਸਕਦੇ ਹੋ।

**ਨੋਟ:- ਇਹ ਲੇਖ ਮੇਰੇ ਤਜ਼ਰਬੇ ਤੇ ਅਧਾਰਤ ਹੈ । ਇਹ ਫਾਈਨੈਂਸ਼ਲ ਅਡਵਾਈਜ਼ ਨਹੀਂ ਹੈ । ਕੋਈ ਵੀ ਫੈਸਲਾ ਕਰਨ ਤੋਂ ਪਹਿਲਾਂ ਆਪਣੇ ਅੱਥੋਰਾਈਜਡ ਫਾਈਨੈਂਸ਼ਲ ਅਡਵਾਇਜ਼ਰ ਤੋਂ ਸਲਾਹ ਲੈ ਲੈਣੀ ਚਾਹੀਦੀ ਹੈ ।**



**ਅਵਤਾਰ ਤਰਕਸ਼ੀਲ ਨਿਊਜ਼ੀਲੈਂਡ**
**ਜੱਦੀ ਪਿੰਡ ਖੁਰਦਪੁਰ (ਜਲੰਧਰ)**
006421392147

# ਹੱਸਣਾ ਖੇਡਣਾ ਮਨ ਕਾ ਚਾਓ

ਔਰਤ ਬੇਸ਼ੱਕ ਜਿੰਨੀ ਮਰਜ਼ੀ ਖ਼ੂਬਸੂਰਤ ਹੋਵੇ। ਪਰ ਉਸਦੇ ਮੱਥੇ ਤੇ ਪਈਆਂ ਤਿਉੜੀਆਂ ਅਤੇ ਸੜਿਆ -ਭੁਜਿਆ ਚਿਹਰਾ ਉਸਦੀ ਖ਼ੂਬਸੂਰਤੀ ਉੱਤੇ ਦਾਗ਼ ਬਣ ਜਾਂਦਾ ਹੈ ।ਅਸਲ ਵਿੱਚ ਔਰਤ ਦੀ ਮੁਸਕਰ-ਾਹਟ ਹੀ ਉਸਦੀ ਖ਼ੂਬਸੂਰਤੀ ਨੂੰ ਚਾਰ ਚੰਨ ਲਾਉਂਦੀ ਹੈ । ਅਕਸਰ ਔਰਤ ਦੇ ਮਨ ਵਿੱਚ ਇਹ ਭਾਵਨਾ ਹੁੰਦੀ ਹੈ, ਕਿ ਮੈਂ ਤਾਂ ਸਭ ਕੁਝ ਏਨਾਂ ਕੁਝ ਕਰਦੀ ਹਾਂ ।ਪਰਿਵਾਰ ਲਈ ਸਾਰਾ ਦਿਨ ਕੰਮ ਕਰਦੀ ਹਾਂ। ਪਰ ਮੇਰੇ ਲਈ ਕੋਈ ਕੁਝ ਨਹੀਂ ਕਰ ਰਿਹਾ । ਦੁਨੀਆਂਦਾਰੀ, ਰਿਸ਼ਤੇਦਾਰੀ ਵੀ ਸਭ ਠੀਕ ਢੰਗ ਨਾਲ ਨਿਪਟਾ ਰਹੀ ਹਾਂ ।ਪਰ ਰਿਸ਼ਤੇਦਾਰਾਂ ਤੋਂ ਸਾਨੂੰ ਕਿਹੜਾ ਮਾਣ ਮਿਲ ਰਿਹਾ ਹੈ? ਹਰ ਕੋਈ ਕਿਵੇਂ ਇੱਕ ਜੜ੍ਹ ਜ਼ਮੀਨ ਸਮਝ ਕੇ ਉਸ ਤੋਂ ਆਪਣਾ ਕੰਮ ਕੱਢ ਰਿਹਾ ਹੈ। ਕਿਸੇ ਨੂੰ ਇਸ ਗੱਲ ਦਾ ਅਹਿਸਾਸ ਹੀ ਨਹੀਂ ਹੈ ਕਿ ਉਹ ਵੀ ਮਾਸ ਹੱਡੀਆਂ ਦਾ ਇੱਕ ਜਿਉਂਦਾ ਜਾਗਦਾ ਇਨਸਾਨ ਹੈ ।ਉਸਦੀ ਵੀ ਆਪਣੀ ਸ਼ਕਤੀ ਸਮਰੱਥਾ ਦੀ ਇੱਕ ਸੀਮਾ ਹੈ ।ਉਸ ਦੇ ਵੀ ਆਪਣੇ ਕਈ ਸ਼ੌਕ ਹਨ ।ਕਿਸੇ ਨੂੰ ਵੀ ਇਸ ਗੱਲ ਦਾ ਜ਼ਰਾ ਵੀ ਧਿਆਨ ਨਹੀਂ ਹੈ ।ਹਰ ਕੋਈ ਉਸ ਤੋਂ ਉਮੀਦਾਂ ਲਗਾਈ ਰੱਖਦਾ ਹੈ ।ਪਰਿਵਾਰਕ ਮੈਂਬਰ ਹੋਵੇ ਜਾਂ ਫਿਰ ਗੁਆਂਢੀ ਰਿਸ਼ਤੇਦਾਰ ਹਰ ਕੋਈ ਆਪਣੇ ਢੰਗ ਨਾਲ ਉਸ ਨੂੰ ਇਸਤੇਮਾਲ ਕਰ ਰਿਹਾ ਹੈ ।ਇਹੋ ਜਿਹੀ ਸੋਚ ਉਦਾਸੀ ਦਾ ਇੱਕ ਬਹੁਤ ਵੱਡਾ ਕਾਰਨ ਹੈ ।ਸਭ ਤੋਂ ਪਹਿਲਾਂ ਤਾਂ ਇਹ ਨਕਾਰਾਤਮਿਕ ਸੋਚ ਦਾ ਹੀ ਤਿਆਰ ਕਰਨਾ ਪਵੇਗਾ। ਅਕਸਰ ਔਰਤਾਂ ਦੀ ਸਭ ਤੋਂ ਵੱਡੀ ਕਮਜ਼ੋਰੀ ਇਹੀ ਹੁੰਦੀ ਹੈ ਕਿ ਉਹ ਖ਼ੁਦ ਨੂੰ ਬਹੁਤ ਦੁਖੀ ਅਤੇ ਆਪਣੀ ਸਹੇਲੀ ਜਾਂ ਗੁਆਂਢਣ ਨੂੰ ਬਹੁਤ ਹੀ ਸੁਖੀ ਮਹਿਸੂਸ ਕਰਦੀਆਂ ਹਨ। ਜਦਕਿ ਸੱਚਾਈ ਇਹ ਕਿ ਹੈ ਜਿਸ ਸਹੇਲੀ ਗੁਆਂਢਣ ਨੂੰ ਤੁਸੀਂ ਬਹੁਤ ਸੁਖੀ ਸਮਝਦੇ ਹੋ ।ਇਕੱਲੇਪਣ ਵਿੱਚ ਕਦੇ ਉਸਦਾ ਦਿਲ ਟਟੋਲੋ ਤਾਂ ਕਹਿਣ ਸੁਣਨ ਨੂੰ ਉਸ ਕੋਲ ਵੀ ਬਹੁਤ ਕੁਝ ਹੁੰਦਾ ਹੈ। ਉਹ ਵੀ ਆਪਣੇ ਪਤੀ ,ਬੱਚਿਆਂ, ਦਿਉਰ-ਦਿਰਾਣੀ, ਜਾਂ ਫਿਰ ਨਨਾਣ ਜਾਂ ਸੱਸ -ਸਹੁਰੇ ਦੇ ਵਰਤਾਓ ਤੋਂ ਅਕਸਰ ਦੁਖੀ ਹੁੰਦੀ ਹੈ। ਉਸ ਕੋਲ ਵੀ ਆਪਣੀ ਦੁੱਖ ਭਰੀ ਕਹਾਣੀ ਸੁਣਾਉਣ ਲਈ ਲੰਬੀਆਂ- ਲੰਮੀਆਂ ਕੁਝ ਆਪ- ਬੀਤੀਆਂ ਕੁਝ ਜੱਗ -ਬੀਤੀਆਂ ਕਹਾਣੀਆਂ ਹੁੰਦੀਆਂ ਹਨ। ਜੀਵਨ-ਸ਼ੈਲੀ ਵਿੱਚ ਤਬਦੀਲੀ ਇਹੋ ਜਿਹੀ ਸੋਚ ਤੋਂ ਛੁਟਕਾਰਾ ਦਿਵਾਉਣ ਵਾਲੀ ਹੁੰਦੀ ਹੈ। ਵੱਡਿਆਂ ਦਾ ਖਿੜੇ ਮੱਥੇ ਸਤਿਕਾਰ ਅਤੇ ਛੋਟੇ ਨਾਲ ਪਿਆਰ ਵੀ ਤੁਹਾਨੂੰ ਹੋਰ ਖ਼ੂਬਸੂਰਤ ਬਣਾਵੇਗਾ ।ਇਸ ਤੋਂ ਇਲਾਵਾ ਤੁਹਾਡੇ ਬੋਲ - ਚਾਲ ਦਾ ਤਰੀਕਾ ਵੀ ਤੁਹਾਡੀ ਖ਼ੂਬਸੂਰਤੀ ਨੂੰ ਚਾਰ ਚੰਨ ਲਾਉਂਦਾ ਹੈ। ਇਹ ਨਾ ਹੋਵੇ ਕਿ ਤੁਹਾਡੀ ਵਧੀਆ ਪਰਸਨੈਲਿਟੀ ਵੀ ਹੋਵੇ ।ਪਰ ਜਦ ਤੁਸੀਂ ਬੋਲੋ ਤਾਂ ਸੁਣਨ ਵਾਲਾ ਸੋਚੇ ਕਿ ਇਹ ਖ਼ੂਬਸੂਰਤੀ ਕਿਸ ਕੰਮ ਦੀ ਹੈ, ਜਿਸ ਨੂੰ ਬੋਲਣਾ ਹੀ ਨਹੀਂ ਆਉਂਦਾ ।ਕਦੇ ਵੀ ਕਿਸੇ ਨੂੰ ਜਿਆਦਾ ਉੱਚੀ ਆਵਾਜ਼ ਅਤੇ ਰੁੱਖੇ ਪਣ ਵਿੱਚ ਨਾ ਬੋਲੋ ।ਹਮੇਸ਼ਾ ਹੌਲੀ -ਹੌਲੀ ਚਿਹਰੇ ਤੇ ਥੋੜੀ ਮੁਸਕਰਾਹਟ ਲਿਆ ਕੇ ਗੱਲ ਕਰੋ, ਤਾਂ ਕਿ ਸਾਹਮਣੇ ਵਾਲਾ ਤੁਹਾਡੇ ਤੋਂ ਜ਼ਰੂਰ ਪ੍ਰਭਾਵਿਤ ਹੋਵੇ। ਸੋ ਔਰਤ ਦੀ ਅਸਲੀ ਖ਼ੂਬਸੂਰਤੀ ਅਸੀਂ ਚਾਲ-ਢਾਲ ਅਤੇ ਬੋਲ- ਚਾਲ ਤੋਂ ਪਛਾਣੀ ਜਾਂਦੀ ਹੈ। ਤੁਹਾਡੀ ਖ਼ੂਬਸੂਰਤੀ ਹੈ ਕਿ ਹਲਕੀ ਮੁਸਕਰਾਹਟ ਨਾਲ ਸਵਾਗਤ ਕਰੋ। ਫਿਰ ਤੁਹਾਡਾ ਪਤੀ ਵੀ ਖੁਸ਼ ਹੋਵੇਗਾ ਤੇ ਉਸਦੀ ਸਾਰੇ ਦਿਨ ਦੀ ਥਕਾਵਟ ਤੇ ਪਰੇਸ਼ਾਨੀ ਤੁਹਾਡੀ ਨਮਸਕਾਰ ਨਾਲ ਦੂਰ ਹੋ ਜਾਵੇਗੀ ।ਇਹ ਇਹੋ ਜਿਹਾ ਨਾ ਹੋਵੇ ਕਿ ਤੁਸੀਂ ਕਿਤੇ ਹੱਸਣਾ ਤੇ ਮੁਸਕਰਾਉਣਾ ਹੀ ਭੁੱਲ ਜਾਵੋ।

ਸ਼ੁਭ ਚਿੰਤਕ

**ਡਾਕਟਰ ਨਰਿੰਦਰ ਭੱਪਰ ਝਬੇਲਵਾਲੀ।**
**ਜ਼ਿਲ੍ਹਾ ਸ਼੍ਰੀ ਮੁਕਤਸਰ ਸਾਹਿਬ।**
**6284145349**

# ਆਹ ਦਿਨ ਤੇ ਉਹ ਦਿਨ

"ਆਹ ਕੀ ਫਲ ਹੈ ਬੇਟਾ?" ਫਰਿਜ਼ ਵਿੱਚ ਪਏ ਨਵੇਂ ਜਿਹੇ ਫਲ ਨੂੰ ਵੇਖਕੇ ਮੈਂ ਛੋਟੀ ਬੇਟੀ ਨੂੰ ਪੁੱਛਿਆ।
"ਪਾਪਾ ਇਹ ਆਵਾਕਾਡੋ ਹੈ।" ਉਸਨੇ ਦੱਸਿਆ ਤੇ ਗੁੱਝੀ ਜਿਹੀ ਹੱਸੀ।
"ਬੀਂ ਪਾਪਾ ਨੂੰ ਇਹੀ ਨਹੀਂ ਪਤਾ।" ਫਰਿਜ਼ ਵਿੱਚ ਹੀ ਇੱਕ ਲਾਲ ਰੰਗ ਦਾ ਬੇਢੰਗਾ ਜਿਹਾ ਫਲ ਹੋਰ ਵੀ ਪਿਆ ਸੀ ਉਸਨੂੰ ਡਰੈਗਣ ਫਰੂਟ ਕਹਿੰਦੇ ਹਨ। ਇਸ ਬਾਰੇ ਮੈਨੂੰ ਪਿਛਲੇ ਸਾਲ ਹੀ ਪਤਾ ਲੱਗਿਆ ਹੈ। ਨਾਲ ਹੀ ਕੀਵੀ ਦਾ ਡਿੱਬਾ ਪਿਆ ਸੀ। ਕਈ ਵਾਰੀ ਇਹ ਪੋਤੀ ਲਈ ਚੈਰੀ ਵੀ ਲ਼ੈ ਆਉਂਦੇ ਹਨ। ਗਰਮੀਆਂ ਵਿੱਚ ਆਲੂ ਬੁਖਾਰੇ, ਇਲੀਚੀ ਤੇ ਖੁਰਮਾਨੀ ਵੀ ਲ਼ੈ ਆਉਂਦੇ ਹਨ। ਉੰਜ ਘਰੇ ਪਾਣੀ ਵਾਲੇ ਨਾਰੀਅਲ ਵੀ ਆਉਂਦੇ ਹਨ। ਪਹਿਲਾਂ ਇਹ੍ਹਨਾਂ ਦੇ ਦਰਸ਼ਨ ਸਮੁੰਦਰ ਦੇ ਨੇੜਲੇ ਸ਼ਹਿਰਾਂ ਵਿੱਚ ਹੀ ਹੁੰਦੇ ਸਨ। ਫਿਰ ਇਹ ਦਿੱਲੀ ਨੋਇਡਾ ਵਰਗੇ ਮੈਟਰੋ ਸਿਟੀ ਵਿੱਚ ਮਿਲਣ ਲੱਗੇ। ਹੁਣ ਤਾਂ ਨਾਰੀਅਲ ਆਮ ਮੰਡੀਆਂ ਅਤੇ ਆਮ ਘਰਾਂ ਵਿੱਚ ਪਹੁੰਚ ਗਏ ਹਨ। ਰੇਟ ਭਾਵੇਂ ਵੀਹ ਤੋਂ ਅੱਸੀ ਹੋ ਗਿਆ ਹੈ। ਅਨਾਨਾਸ ਦੇ ਦਰਸ਼ਨ ਵੀ ਕਈ ਵਾਰੀ ਹੋ ਜਾਂਦੇ ਹਨ। ਇਹ ਤਾਂ ਮੈਂ ਬੱਸ ਹਿੰਦੀ ਵਾਲੇ ਕਾਇਦੇ ਵਿੱਚ ਹੀ ਵੇਖਿਆ ਸੀ। ਹੁਣ ਕਈ ਸਾਲਾਂ ਦਾ ਪਪੀਤਾ ਵੀ ਬਹੁਤ ਆਉਂਦਾ ਹੈ। ਇਹ ਵੀ ਸਾਡੇ ਲਈ ਨਵਾਂ ਜਿਹਾ ਫਲ ਸੀ। ਉਪਰ ਵਾਲ਼ੇ ਫਲ ਸਾਡੀ ਬਚਪਨ ਵਾਲੀ ਡਿਕਸ਼ਨਰੀ ਚ ਨਹੀਂ ਸੀ। ਇਹ ਹੋਲੀ ਹੋਲੀ ਇਧਰ ਆਏ ਹਨ। ਇਹ ਸਾਡੇ ਇਲਾਕੇ ਜਾਂ ਸਾਡੀਆਂ ਰੁੱਤਾਂ ਦੇ ਅਨੁਕੂਲ ਫਲ ਨਹੀਂ ਹਨ। ਇਹ ਬਾਹਰੀ ਫਲ ਹਨ ਜੋ ਬਾਰਾਂ ਮਹੀਨੇ ਉਪਲਭਦ ਹੁੰਦੇ ਹਨ। ਕੋਈਂ ਸੀਜਨ ਦਾ ਚੱਕਰ ਨਹੀਂ।
ਇਹ ਗੱਲ ਨਹੀਂ ਕਿ ਪਿੰਡ ਵਿੱਚ ਰਹਿੰਦਿਆਂ ਨੂੰ ਸਾਨੂੰ ਫਲਾਂ ਦੀ ਜਾਣਕਾਰੀ ਨਹੀਂ ਸੀ। ਭੂਆ ਮਾਸੀ ਮਾਮੇ ਜਦੋਂ ਵੀ ਆਉਂਦੇ ਕੇਲੇ ਹੀ ਲਿਆਉਂਦੇ। ਇਹ ਦਰਜਨ ਦੇ ਹਿਸਾਬ ਨਾਲ ਮਿਲਦੇ ਸੀ ਤੋਲਕੇ ਨਹੀਂ। ਸੇਬ ਨੂੰ ਸਿਉ ਕਹਿੰਦੇ ਸਨ। ਡਾਕਟਰ ਮਰੀਜ ਨੂੰ ਸਿਉ ਖਵਾਉਣ ਦੀ ਸਲਾਹ ਦਿੰਦੇ ਸੀ। ਇਸੇ ਤਰਾਂ ਅਨਾਰ ਵੀ ਮਰੀਜਾਂ ਲਈ ਰਿਜ਼ਰਵ ਹੀ ਸੀ। ਸੰਤਰੇ ਵੀ ਕਦੇ ਕਦੇ ਕੋਈਂ ਚੰਗਾ ਰਿਸ਼ਤੇਦਾਰ ਲਿਆਉਂਦਾ ਸੀ। ਨਹੀਂ ਇਹ ਬਰਾਤ ਨੂੰ ਖਵਾਉਣ ਲਈ ਮੇਜ਼ ਤੇ ਕੇਲਿਆਂ ਨਾਲ ਰੱਖੇ ਜਾਂਦੇ ਸਨ। ਸੰਤਰੇ ਦੇ ਦੇਸੀ ਵਰਜਨ ਨੂੰ ਮਾਲਟਾ ਕਹਿੰਦੇ ਸਨ। ਸੁਣਿਆ ਸੀ ਇਹ ਸੰਤਰੇ ਨਾਲੋਂ ਸਸਤਾ ਹੁੰਦਾ



ਸੀ। ਫਲਾਂ ਦਾ ਰਾਜਾ ਅੰਬ ਸੀਜਨ ਵਿੱਚ ਇੱਕ ਦੋ ਵਾਰੀ ਘਰ ਆਉਂਦਾ। ਉੰਜ ਆੜੂ ਦੇ ਸਾਈਜ ਦਾ ਅੰਬ ਪੰਜੀ ਦਾ ਮਿਲਦਾ ਸੀ ਜਿਸ ਨੂੰ ਚੂਸਿਆ ਜਾਂਦਾ ਸੀ ਤੇ ਇਹ ਖਟਮਿਠਾ ਜਿਹਾ ਹੁੰਦਾ ਸੀ। ਅਸੀਂ ਅੰਬ ਖਾਣ ਦੀ ਝੱਸ ਅਚਾਰ ਲਈ ਲਿਆਂਦੀਆਂ ਅੰਬੀਆਂ ਚੋ ਪੀਲੀ ਅੰਬੀ ਛਾਂਟਕੇ ਪੂਰਾ ਕਰਦੇ। ਇਸੇ ਲਈ ਤੇਸੇ ਨਾਲ ਅੰਬੀਆਂ ਕੱਟਣ ਵੇ਼ਲੇ ਅਸੀਂ ਕੋਲੇ ਬੈਠੇ ਰਹਿੰਦੇ। ਉੰਜ ਅਸੀਂ ਫੇਰੀ ਵਾਲੇ ਤੋਂ ਅਮਰੂਦ ਲੈਕੇ ਖਾਂਦੇ। ਪੇਂਦੂ ਬੇਰ ਅਸੀਂ ਦਾਣਿਆਂ ਵੱਟੇ ਲਿਆਉਂਦੇ। ਟਮਾਟਰ ਵੀ ਸਾਡੀ ਨਜ਼ਰੇ ਫਲ ਹੀ ਸੀ। ਅਕਸਰ ਅੱਧੀ ਛੁੱਟੀ ਵੇਲੇ ਮੁੱਲ ਲੈਕੇ ਟਮਾਟਰ ਹੀ ਖਾਂਦੇ। ਛੋਟੇ ਲਾਲ ਬੇਰ ਪੀਲਾਂ ਚਿੱਬੜ ਮਤੀਰੇ ਅਸੀਂ ਬਾਹਰੋਂ ਤੋੜ ਲਿਆਉਂਦੇ। ਸਾਡੇ ਫਲ ਤਾਂ ਅਲੋਪ ਹੀ ਹੋ ਗਏ। ਅਸੀਂ ਨਿੰਮ ਦੀਆਂ ਪੱਕੀਆਂ ਨਿਮੋਲੀਆਂ ਖੁਸ ਹੋਕੇ ਖਾਂਦੇ। ਨਸੂੜੇ ਤੋਂ ਨਸੂੜੀਆਂ ਨਜ਼ਾਰੇ ਨਾਲ ਖਾਂਦੇ। ਬੋਹੜ ਦੀਆਂ ਗੋਹਲਾਂ ਵੀ ਸੁਆਦ ਹੁੰਦੀਆਂ ਸਨ। ਸਾਡੇ ਪਿੰਡ ਕਮਾਦ ਨਹੀਂ ਸੀ ਬੀਜਦੇ ਅਸੀਂ ਜਵਾਰ ਦੇ ਗੰਨੇ ਚੂਪਦੇ। ਬਾਜਰੇ ਦੇ ਸਿੱਟੇ, ਛੋਲਿਆਂ ਦਾ ਸਾਗ ਖਾਂਦੇ। ਕਿੱਕਰ ਦੇ ਤੁੱਕੇ ਅਤੇ ਸੁਹਾਜਨਾਂ ਦੀਆਂ ਫਲੀਆਂ ਦਾ ਅਚਾਰ ਪਾਉਂਦੇ। ਤੂਤ ਦੀਆਂ ਤੂਤੀਆਂ ਅਤੇ ਜਾਮਣਾਂ ਦੇ ਦਰੱਖਤ ਪਬਲਿਕ ਪ੍ਰਾਪਰਟੀ ਹੋਣ ਕਰਕੇ ਖਾਣਾ ਸਾਡਾ ਅਧਿਕਾਰ ਸੀ। ਅਸੀਂ ਖੇਤਾਂ ਵਿਚੋਂ ਚਿੱਬੜ ਭਾਲਦੇ ਭਾਲਦੇ ਆਥਣ ਵੇਲੇ ਘਰ ਮੁੜਦੇ। ਅਜੋਕੇ ਵਿਦੇਸ਼ੀ ਫਲਾਂ ਨੇ ਅੱਜ ਦੀ ਪੀੜ੍ਹੀ ਨੂੰ ਆਪਣਾ ਗੁਲਾਮ ਬਣਾ ਲਿਆ ਹੈ। ਜਦੋਂ ਕਿ ਤਾਕਤ ਅਤੇ ਬਾਕੀ ਤੱਤ ਪੁਰ-ਾਣੇ ਫਲਾਂ ਵਿੱਚ ਵੀ ਹੁੰਦੇ ਸਨ।



**ਰਮੇਸ਼ ਸੇਠੀ ਬਾਦਲ**
9876627233

# ਬਾਲੀਵੁੱਡ ਮੂਵੀ ' ਟੂ ਵੇ' ਤੇ 'ਦਰਭੰਗਾ ਐਕਸਪ੍ਰੈੱਸ' ਵੱਖਰੇ ਅੰਦਾਜ਼ ਨਜਰ 'ਚ ਆਉਣਗੇ "ਅਦਾਕਾਰ ਸੁਰੇਸ਼ ਸ਼ਰਮਾਂ ਜੀ"

ਕਾਮਯਾਬੀ ਦੀ ਪੌੜੀ ਚੜ੍ਹਨ ਲਈ ਬਹੁਤ ਸਾਰੇ ਸੰਘਰਸ਼ਾਂ ਨਾਲ ਮੱਥਾ ਲਾਉਣਾ ਪੈਂਦਾ ਹੈ । ਅਜਿਹੇ ਹੀ ਸੰਘਰਸ਼ਾਂ ਦੀ ਉਪਜ ਹਨ - ਅਦਾਕਾਰ ਸੁਰੇਸ਼ ਕੁਮਾਰ ਸ਼ਰਮਾਂ। ਜਿੰਨਾ ਦਾ ਜਨਮ ਪੰਜਾਬ ਦੇ ਜ਼ਿਲਾ ਜਲੰਧਰ ਦੇ ਪਿੰਡ ਦੌਲਤਪੁਰ ਢੱਡਾ ਤਹਿਸੀਲ ਸਾਹਕੋਟ ਵਿਖੇ ਪਿਤਾ ਚੰਦਰ ਮੋਹਣ ਸਰਮਾਂ ਘਰ ਮਾਤਾ ਰੇਖਾ ਕੁਮਾਰੀ ਦੇ ਕੁੱਖੋ ਹੋਇਆਂ।

ਏਨਾਂ ਦਾ ਫਿਲਮ ਇੰਡਸਟ੍ਰੀਜ ਵਿੱਚ ਆਉਣ ਸਮੇਂ ਬਹੁਤ ਸਾਰੇ ਅਜੀਜ ਦੋਸਤਾਂ ਨੇ ਸਾਥ ਦਿੱਤਾ , ਜਿੰਨਾਂ ਵਿੱਚ ਨਿਰਦੇਸ਼ਕ ਗਗਨਦੀਪ ਸਿੰਘ ਡਾਂਗ , ਜਿੰਨਾਂ ਨੇ ਇਹਨਾਂ ਨੂੰ ਚੰਡੀਗੜ੍ਹ ਇੱਕ ਗੀਤ ਦੇ ਫਿਲਮਾਂਕਣ ਵਿੱਚ ਸਾਹਮਣੇ ਆਉਣ ਦਾ ਮੌਕਾ ਦਿੱਤਾ। ਫਿਰ ਓਨਾਂ ਕਈ ਗੀਤਾਂ ਵਿੱਚ ਸਾਮਿਲ ਹੋਣ ਦਾ ਰਾਹ ਖੋਲ੍ਹਿਆਂ ਦਿੱਤਾਂ ।

ਏਸੇ ਤਰਾਂ ਜਦੋ ਸੰਘਰਸ਼ਾਂ ਦੇ ਦਿਨ ਚੱਲ ਰਹੇ ਸਨ ਤਾਂ, ਏਨਾਂ ਦਾ ਇੱਕ ਮੁਹੱਬਤੀ ਦੋਸਤ ਜੋ ਅੱਜਕਲ ਪੁਰਤਗਾਲ ਵਿੱਚ ਰਹਿੰਦਾ ਨਿਸ਼ਾਨ ਸਿੰਘ ਨੇ ਸਾਥ ਦੇ ਦੋਸਤੀ ਦਾ ਫਰਜ ਅਦਾ ਅਤੇ ਅੰਮ੍ਰਿਤਸਰ ਤੋ ਮਹਿੰਦਰਪਾਲ ਸਾਬੀ , ਇੰਗਲੈਂਡ ਤੋ ਸੰਦੀਪ ਸਿੰਘ ਦੀਪਾ ਆਦਿ ਨੇ ਅਦਾਕਾਰ ਸੁਰੇਸ਼ ਸ਼ਰਮਾਂ ਜੀ ਦਾ ਆਪਣੀਆਂ ਬਾਹਾਂ ਵਾਂਗ ਪੂਰਾ ਪੂਰਾ ਸਾਥ ਨਿਭਾਇਆ ।

ਅਦਾਕਾਰ ਸੁਰੇਸ਼ ਸ਼ਰਮਾਂ ਜੀ ਓਨਾਂ ਦਾ ਤਹਿ ਦਿਲੋ ਸੁਕਰਾਨਾ ਅੱਜ ਵੀ ਕਰਦੇ ਹਨ । ਅਦਾਕਾਰ ਸੁਰੇਸ਼ ਸਰਮਾਂ ਜੀ ਕਹਿੰਦੇ ਹਨ , ਮੈ ਅੱਜ ਕੁਛ ਵੀ ਹਾਂ ਦੋਸਤਾਂ ਬਾਬਤ ਹਾਂ ।

ਹੁਣ ਤੱਕ ਪਾਲੀਵੁੱਡ ਤੇ ਬਾਲੀਵੁੱਡ ਵਿੱਚ ਕੀਤੇ ਕੰਮ ਦਾ ਲੇਖਾ ਜੋਖਾ ਇਸ ਤਰਾਂ ਹੈ , ਜੇਕਰ ਏਨਾਂ ਦੇ ਫਿਲਮ ਕੈਰੀਅਰ ਤੇ ਝਾਤ ਮਾਰੀਏ, ਏਨਾਂ ਦੀ ਪੰਜਾਬੀ ਫੀਚਰ ' ਕਦੇ ਦਾਦੇ ਦੀਆਂ ਕਦੇ ਪੋਤੀਆਂ ਦੀਆਂ ' , ਜੋਰਾਂ 10 ਨੰਬਰੀਆਂ , ਫਿਅਰ (ਹਿੰਦੀ ), ਲਘੂ ਫਿਲਮ ' ਚੰਨੋ ' , ਦਰਿੰਦਾ , ਜੇਕਰ ਵੈਬਸੀਰੀਜ ਦੀ ਗੱਲ ਕਰੀਏ ਤਾਂ ਪੰਜਾਬੀ, ਹਿੰਦੀ ਵਿੱਚ ਵੈਬ-ਸੀਰੀਜ਼ ਵਿੱਚ ਏਨਾਂ ਵੱਲੋ ਬਾਕਮਾਲ ਅਦਾਕਾਰੀ ਕੀਤੀ ਗਈ, ਵੈਬਸੀਰੀਜ



ਡਰੀਮਲੈਂਡ ਫੇਰੀ ਹੇਰਾ ( ਹਿੰਦੀ ) ਘੁਨਾਓ ਕੀ ਗਲੀਆਂ ( ਹਿੰਦੀ ) ਇਕ ਦੂਣੀ ਦੂਣੀ, ਦੋ ਦੂਣੀ ਚਾਰ ( ਪੰਜਾਬੀ ) , ਕੱਚੇ ਪੱਕੇ ਯਾਰ ( ਪੰਜਾਬੀ ) ,

ਏਸੇ ਤਰਾਂ ਟੀ ਵੀ ਸੀਰੀਅਲ, 'ਛੋਟੀ ਜੇਠਾਣੀ', ਹੀਰ ਰਾਝਾਂ, ਤੂੰ ਪਤੰਗ ਮੈ ਡੋਰ , ਧੀਆਂ ਮੇਰੀਆਂ , ਛੜਿਆਂ ਨੂੰ ਦਫਾ ਕਰੋ ' ,'ਦਿਲਾਂ ਦੇ ਰਿਸ਼ਤੇ', ਵਿੱਚ ਅਦਾਕਾਰੀ ਕਰ, ਆਪਣੀ ਨਵੇਕਲੀ ਪਹਿਚਾਣ ਸਥਾਪਿਤ ਕੀਤੀ। ਸੁਰੇਸ਼ ਸਰਮਾਂ ਜੀ ਨੇ ਕਮੇਡੀ ਸੋਅ ' ਦੋ ਨਮੂਨੇ', 'ਮੁੱਖ ਮੰਤਰੀ', 'ਸ਼ਰਾਬੀਆਂ ਨੂੰ ਸ਼ਰਾਪ', ' ਕੀ ਬਣੂ ਸਾਲੇ ਦਾ'



ਐਪੀਸੋਡ 2 ਵਿੱਚ ਅਦਾਕਾਰੀ ਕਰ ਦਰਸ਼ਕਾਂ ਦੇ ਢਿੱਡੀ ਪੀੜਾਂ ਪਾਈਆ।

ਏਸੇ ਤਰਾਂ ਸੰਗੀਤ ਜਗਤ ਵਿੱਚ ਆਪਣੀ ਹਿੱਸੇਦਾਰ ਪਾ ਸੰਗੀਤ ਪ੍ਰੇਮੀਆਂ ਨਾਲ



ਮੁਹੱਬਤੀ ਸਾਂਝ ਕਾਇਮ ਰੱਖੀ , ਸੰਗੀਤ ਵੀਡੀਓਜ਼ ਬੋਲੀਆਂ 1 , ਬੋਲੀਆਂ 2 , ਸਾਰਾ ਦਿਨ ਨੱਚਣਾ ( ਪੰਜਾਬੀ ਬੋਲੀਆਂ ) , ' ਪੈਸਨ ' ( ਪੰਜਾਬੀ ਗੀਤ) , ਬੱਬਰ ਸ਼ੇਰ, ਮਾਝੇ ਵਾਲੇ ਭਾਊ , 'ਚਾਚੇ ਤਾਏ ਰਿਟਰਨਸ', 'ਆ ਗਈ ਲੋਹੜੀ', ਆਦਿ ਵਿੱਚ ਅਦਾਕਾਰੀ ਕਰ ਆਪਣਾ ਸੁਮਾਰ ਕਰਵਾਇਆਂ । ਸੁਰੇਸ਼ ਸਰਮਾਂ ਜੀ ਦੇ ਦੱਸਿਆ, ਓਨਾਂ ਦਾ ਸਫਰ ਜਾਰੀ ਹੈ ਤੇ ਆਉਣ ਵਾਲੀ ਬਾਲੀਵੁੱਡ ਮੂਵੀ 'ਟੂ ਵੇ' ਜੋ ਕਿ ਚਰਚਿਤ ਡਾਇਰੈਕਟਰ, ਰਾਇਟਰ ਅਤੇ ਐਕਟਰ 'ਵਿਜੇ ਖੇਪੜ ਜੀ' ਨੇ ਕੀਤੀ , ਉਸ ਵਿੱਚ ਅਦਾਕਾਰੀ ਕਰਨ ਦਾ ਮੌਕਾ ਮਿਲਿਆ, ਏਸੇ ਤਰਾਂ ਪ੍ਰਸਿੱਧ ਡਾਇਰੈਕਟਰ 'ਸਿਮ-ਰਨ ਸਿੰਘ ਜੀ' ਦੀ 'ਦਰਭੰਗਾ ਐਕਸਪ੍ਰੈੱਸ' ਵਿੱਚ ਅਤੇ ਆਉਣ ਵਾਲੀ ਇੱਕ ਵੈਬਸੀਰੀਜ ਪੀ.ਏ ਦੇ ਰੋਲ ਵਿੱਚ ਦਿਖਾਈ ਦੇਵਗੇ।

ਸੁਰੇਸ਼ ਸਰਮਾਂ ਜੀ ਇੱਕ ਚੰਗੇ ਰੰਗ ਕਰਮੀ ਦੇ ਤੌਰ ਤੇ "ਨੀਰਜ ਕੌਸ਼ਿਕ ਜੀ' ਨਾਲ ਜਲੰਧਰ, ਚੰਡੀਗੜ੍ਹ ਵਿੱਚ ਮਲਕੀਤ ਸਿੰਘ ਤੇ ਨਾਲ ਪੰਜਾਬ ਵਾਲੇ ਹਰਭਗਵਾਨ ਸਿੰਘ ( ਰੰਗਦੇਵ ) ਜੋ ਕਿ ਪ੍ਰਸਿੱਧ ਅਦਾਕਾਰ ਹਨ। ਓਨਾਂ ਨਾਲ 2,3 ਵਾਰ ਸਟੇਜੀ ਨਾਟਕ ਕਰ ਦਰਸ਼ਕਾਂ ਮੁਹੱਬਤੀ ਸਾਂਝ ਪਾਉਣ ਵਿੱਚ ਸਫਲ ਰਹੇ ।

ਮੇਰੀ ਪ੍ਰਮਾਤਮਾ ਅੱਗੇ ਅਰਦਾਸ ਹੈ , ਸਫਲਤਾਵਾਂ ਏਨਾਂ ਦੇ ਪੈਰ ਚੁੰਮਣ ਤੇ ਏਨਾਂ ਨੂੰ ਮੰਜ਼ਿਲਾਂ ਪ੍ਰਵਾਨ ਕਰਨ ।

**ਸ਼ਿਵਨਾਥ ਦਰਦੀ**
**ਫ਼ਰੀਦਕੋਟ**
**ਫਿਲਮ ਜਰਨਲਿਸਟ**
**ਸੰਪਰਕ:-**
9855155392

# "ਪੰਛੀਆਂ ਦੀ ਤਰਜਮਾਨੀ ਕਰਦਾ ਲੇਖ ਸੰਗ੍ਰਹਿ - ਮੁੜ ਆਈਆਂ ਚਿੜੀਆਂ"

ਪਰਵਾਸ ਸਾਡੇ ਲਈ ਇਕ ਚਿੰਤਾ ਦਾ ਵਿਸ਼ਾ ਬਣ ਗਿਆ ਹੈ ਭਾਵੇਂ ਉਹ ਮਨੁੱਖ ਦਾ ਹੋਵੇ ਜਾਂ ਪੰਛੀਆਂ ਦਾ। ਦੇਸ਼ ਵਿੱਚੋ ਬਹੁਤ ਸਾਰੇ ਪੰਛੀ ਅਲੋਪ ਹੁੰਦੇ ਜਾ ਰਹੇ ਹਨ। ਭਾਵ ਉਹ ਸਾਡੇ ਦੇਸ਼ ਤੋਂ ਕਿਤੇ ਦੂਰ ਜਾ ਰਹੇ ਹਨ। ਇਸੇ ਚਿੰਤਾ ਵਿੱਚ ਚਿੰਤਕ ਅਤੇ ਖੋਜਕਾਰ ਲੇਖਕ ਮਹਿੰਦਰ ਸਿੰਘ ਰਾਹੀ ਹੁਰਾਂ ਨੇ ਹਾਲ ਹੀ ਵਿੱਚ ਚਿੜੀਆਂ ਨਾਲ ਸਬੰਧਤ ਪੁਸਤਕ " ਮੁੜ ਆਈਆਂ ਚਿੜੀਆਂ" ਦੇ ਸਿਰਲੇਖ ਹੇਠ ਪ੍ਰਕਾਸ਼ਿਤ ਕਰਵਾਈ ਹੈ।

ਮਹਿੰਦਰ ਸਿੰਘ ਰਾਹੀ ਅਜਿਹੀਆਂ ਖੋਜ ਵਾਲੀਆਂ ਪੁਸਤਕਾਂ ਦੀ ਸਿਰਜਣਾ ਕਰਦੇ ਰਹਿੰਦੇ ਹਨ। ਉਹਨਾਂ ਦੀਆਂ ਬਲਾਇੰਡ ਡਾਂਸ, ਗੁਰੂ ਸਾਹਿਬਾਨਾਂ ਅਤੇ ਭਗਤਾਂ ਬਾਰੇ ਹੁਣ ਤੱਕ ਤੇਰਾਂ ਪੰਜਾਬੀ ਅਤੇ ਤਿੰਨ ਹਿੰਦੀ ਪੁਸਤਕਾਂ ਸਾਹਿਤਕ ਖੇਤਰ ਵਿੱਚ ਪਰਵੇਸ਼ ਕਰ ਚੁੱਕੀਆਂ ਹਨ ਅਤੇ ਹਥਲੀ ਪੁਸਤਕ ਚੌਦਵੀਂ ਪੰਜਾਬੀ ਵਿਚ ਮੁੜ ਆਈਆਂ ਚਿੜੀਆਂ ਹੈ ਜਿਸ ਵਿਚ ਚਿੜੀਆਂ ਬਾਰੇ ਲੇਖ ਦਰਜ ਹਨ। ਇਸ ਨੂੰ ਦੀ ਭਾਗਾਂ ਵਿੱਚ ਵੰਡਿਆ ਗਿਆ ਹੈ। ਪਹਿਲੇ ਭਾਗ ਵਿਚ ਉਹਨਾਂ ਨੇ ਚਿੜੀ ਨਾਲ ਸਾਂਝ, ਚਿੜੀਆਂ ਦੀਆਂ ਵੀਹ ਕਿਸਮਾਂ, ਲੇਖਕਾਂ ਅਤੇ ਕਵੀਆਂ ਦੀਆਂ ਨਜ਼ਰਾਂ ਵਿੱਚ ਚਿੜੀ, ਘਰੇਲੂ ਚਿੜੀ ਦੀ ਆਬਾਦੀ ਘਟਣ ਦੇ ਕਾਰਨ ਅਤੇ ਦੂਜੇ ਭਾਗ ਵਿੱਚ ਪੰਛੀਆਂ ਦੀ ਉਤਪਤੀ ਅਤੇ ਵਿਕਾਸ, ਮਹੱਤਵ, ਪੰਛੀਆਂ ਦਾ ਸਨਾਤਨ ਇਤਿਹਾਸ ਨਾਲ ਸਬੰਧ, ਧੌਲਾ, ਪਿੰਡ ਨਿਧਾਂ ਵਾਲਾ



ਅਤੇ ਬੱਡਬਰ ਦੇ ਫਾਰਮਾਂ ਵਿੱਚ ਨਰ ਮਾਦੇ ਆਦਿ ਦੀ ਗਿਣਤੀ ਦੇ ਚਾਰਟ ਵੀ ਸ਼ਾਮਲ ਕੀਤੇ ਹਨ।

ਪੁਸਤਕ ਵਿਚ ਸਪੇਨ, ਯੂਨਾਨ ਅਤੇ ਉੱਤਰੀ ਅਫ਼ਰੀਕਾ ਦੇ ਕੁਝ ਭਾਗਾਂ ਵਿੱਚ ਘਰੇਲੂ ਚਿੜੀਆਂ ਅਤੇ ਵਿੱਲੋ ਚਿੜੀਆਂ ਨੇੜੇ ਨੇੜੇ ਰਹਿਣ ਅਤੇ ਉਹਨਾਂ ਦੇ ਵਰਤੋਂ ਵਿਹਾਰ ਬਾਰੇ ਦੱਸਿਆ ਗਿਆ ਹੈ। ਭਾਰਤੀ ਭਾਸ਼ਾਵਾਂ ਵਿਚ ਚਿੜੀ ਦੇ ਨਾਮ, ਚਿੜੀਆਂ ਬਾਰੇ ਕਵਿਤਾਵਾਂ, ਗੀਤਾਂ ਦਾ ਜ਼ਿਕਰ ਵੀ ਹੈ ਜਿਹਨਾਂ ਨੂੰ ਪ੍ਰਤੀਕ ਦੇ ਤੌਰ ਤੇ ਵੀ ਵਰਤਿਆ ਗਿਆ ਹੈ ਜਿਵੇਂ ਸਾਡਾ ਚਿੜੀਆਂ ਦਾ ਚੰਬਾ ਵੇ ਬਾਬੁਲ ਅਸਾਂ ਉੱਡ ਜਾਣਾ, ਚਿੜੀ ਚਹੁਕਦੀ ਨਾਲ ਉੱਠ ਤੁਰੇ ਪਾਂਧੀ ਆਦਿ ਮਿਲਦੇ ਹਨ। ਇਸ ਨਿੱਕੇ ਜਿਹੇ ਪੰਛੀ ਵਲੋ ਚੀਨ ਵਰਗੇ ਦੇਸ਼ ਦੇ ਨਾਸੀਂ ਧੂੰਆਂ ਕਿਵੇਂ ਲਿਆਂਦਾ, ਇਸ ਦੀ ਉਡਾਰੀ ਵੱਧ ਤੋਂ ਵੱਧ ਪੰਦਰਾਂ - ਵੀਹ ਮਿੰਟਾਂ ਦੀ ਹੈ, ਖੇਤਾਂ ਵਿੱਚ ਫਸਲਾਂ ਦਾ ਨੁਕਸਾਨ ਰੋਕਣ ਲਈ ਖੇਤ ਵਿੱਚ ਬਾਂਸ ਗਡੇ ਜਾਂਦੇ ਸਨ ਆਦਿ।

ਇਸ ਕਿਤਾਬ ਅਨੁਸਾਰ ਮਨੁੱਖ ਦਾ ਦਿਲ ਪ੍ਰਤੀ ਮਿੰਟ 72 ਵਾਰ, ਚਿੜੀ ਦਾ 460 ਵਾਰ, ਕਾਂ ਦਾ 342 ਵਾਰ ਅਤੇ ਕਬੂਤਰ ਦਾ 244 ਵਾਰ ਧੜਕਦਾ ਹੈ। ਕੁਦਰਤ ਨੇ ਸਾਫ਼ ਸਫ਼ਾਈ ਦੀ ਜ਼ਿੰਮੇਵਾਰੀ ਇਹਨਾਂ ਪੰਛੀਆਂ ਦੀ ਲਗਾਈ ਹੈ ਜਿਵੇਂ ਗਿਰਝਾਂ, ਇੱਲ੍ਹ,ਕਾਂ ਮਰੇ ਹੋਏ ਜਾਨਵਰਾਂ ਨੂੰ ਖਾ ਕੇ ਉਹਨਾਂ ਤੋਂ ਫੈਲਣ ਵਾਲੇ ਰੋਗਾਂ ਤੋਂ ਬਚਾਉਣ ਦਾ ਕੰਮ ਕਰਦੇ ਹਨ। ਲੇਖਕ ਅਨੁਸਾਰ ਅੱਜ ਤੋਂ ਢਾਈ ਲੱਖ ਸਾਲ ਪਹਿਲਾਂ 11500 ਕਿਸਮ ਦੇ ਪੰਛੀ ਇਥੇ ਨਿਵਾਸ ਕਰਦੇ ਸਨ।

ਪੰਛੀਆਂ ਦੇ ਬੱਚੇ ਕੱਢਣ ਦੇ ਸਮੇਂ ਬਾਰੇ ਵੀ ਵਰਨਣ ਮਿਲਦਾ ਹੈ ਕਿ ਇਸ ਨੂੰ ਤਿੰਨ ਰੁੱਤਾਂ ਵਿਚ ਵੰਡਿਆ ਹੈ। ਪੰਛੀਆਂ ਦੀਆਂ ਕਈ ਕਿਸਮਾਂ ਮਾਨਸੂਨ ਵਿਚ, ਸ਼ਿਕਾਰੀ ਪੰਛੀ ਗਰਮੀ ਰੁੱਤ ਅਤੇ ਪ੍ਰਵਾਸੀ ਪੰਛੀ ਸਰਦ ਰੁੱਤ ਵਿੱਚ ਬੱਚੇ ਪੈਦਾ ਕਰਦੇ ਹਨ। ਸਨਾਤਨ ਇਤਿਹਾਸ ਨਾਲ ਸਬੰਧਤ ਪੰਛੀ ਹੰਸ, ਕਬੂਤਰ, ਕਾਂ, ਕੂੰਜ, ਟਟੀਹਰੀ, ਤੋਤਾ, ਬਾਜ ਆਦਿ ਦਾ ਜਿਕਰ ਕੀਤਾ ਗਿਆ ਹੈ। ਇਸ ਤਰ੍ਹਾਂ ਖੋਜਕਾਰ ਮਹਿੰਦਰ ਸਿੰਘ ਰਾਹੀ ਦਾ ਇਹ ਮਹਤਵਪੂਰਣ ਕਾਰਜ ਹੈ ਜਿਹੜਾ ਅੱਜ ਦੇ ਨੌਜਵਾਨਾਂ ਦੀ ਜਾਣਕਾਰੀ ਲਈ ਬਹੁਤ ਵਡਮੁੱਲਾ ਅਤੇ ਵਧੀਆ ਦਸਤਾਵੇਜ ਹੈ। ਇਸ ਪੁਸਤਕ ਨੂੰ ਜੀ ਆਇਆਂ ਨੂੰ ਆਖਣਾ ਬਣਦਾ ਹੈ।



**ਤੇਜਿੰਦਰ ਚੰਡਿਹੋਕ**

# ਪੰਛੀਆਂ ਨੂੰ ਵੀ ਲੱਗਦੀ ਹੈ ਪਿਆਸ - ਅਸੀਂ ਕਿਉਂ ਭੁੱਲੀਏ



ਗਰਮੀਆਂ ਦੀ ਤਪਦੀ ਧੁੱਪ ਹਰੇਕ ਜੀਵ ਨੂੰ ਸਜ਼ਾ ਵਰਗੀ ਲੱਗਦੀ ਹੈ। ਅਸੀਂ ਮਨੁੱਖ ਤਾਂ ਛਾਂ ਲੱਭ ਲੈਂਦੇ ਹਾਂ, ਪੱਖੇ ਚੱਲ ਲੈਂਦੇ ਹਾਂ, ਬੋਤਲਾਂ ਭਰ ਲੈਂਦੇ ਹਾਂ। ਪਰ ਉਹ ਬੇਜ਼ੁਬਾਨ ਪੰਛੀ ਕਿੱਥੇ ਜਾਣ?ਜਿਹੜੇ ਸਾਡੇ ਘਰਾਂ ਦੀ ਛੱਤਾਂ ਉੱਤੇ ਬੈਠ ਕੇ ਕੁਦਰਤ ਦੇ ਰਾਗ ਛੇੜਦੇ ਸਨ, ਅੱਜ ਉਹ ਪਿਆਸ ਨਾਲ ਤੜਫ ਰਹੇ ਹਨ। ਕਈ ਵਾਰ ਉਹ ਚੁੱਪਚਾਪ ਉੱਡ ਕੇ ਆਉਂਦੇ ਹਨ । ਕੋਈ ਆਸ ਲੈ ਕੇ ਕਿ ਇੱਥੇ ਸ਼ਾਇਦ ਥੋੜ੍ਹਾ ਪਾਣੀ ਮਿਲ ਜਾਵੇ। ਪਰ ਅਸੀਂ ਉਹਨਾਂ ਦੀ ਇਹ ਚੁੱਪ ਆਵਾਜ਼ ਸੁਣ ਨਹੀਂ ਸਕਦੇ।ਹਰ ਸਾਲ ਗਰਮੀਆਂ ਵਿੱਚ ਹਜ਼ਾਰਾਂ ਪੰਛੀ ਸਿਰਫ਼ ਇਸ ਕਰਕੇ ਮਰ ਜਾਂਦੇ ਹਨ ਕਿ ਉਹਨਾਂ ਨੂੰ ਇਕ ਘੁੱਟ ਪਾਣੀ ਨਹੀਂ ਮਿਲਦਾ।ਇਹ ਸਿਰਫ਼ ਅੰਕੜੇ ਨਹੀਂ । ਇਹ ਹਰ ਇਕ ਗੁੰਝਦੀ ਜ਼ਿੰਦਗੀ ਦੀ ਚੀਖ ਹੈ।ਕਦੇ ਆਪਣੀ ਛੱਤ ਉੱਤੇ ਮਿੱਟੀ ਦੇ ਭਾਂਡੇ ਵਿੱਚ ਠੰਡਾ ਪਾਣੀ ਰੱਖ ਦੇਖੋ।

ਤੁਸੀਂ ਵੇਖੋਗੇ ਕਿਸੇ ਚਿੜੀ ਦੀ ਖੁਸ਼ੀ, ਕਿਸੇ ਕਬੂਤਰ ਦੀ ਕਦਰਦਾਨੀ, ਕਿਸੇ ਤਿਤਲੀ ਦੀ ਚੁੱਪ ਰੂਹਾਨੀ ਸ਼ਕਲ।ਇਹ ਦ੍ਰਿਸ਼ ਆਪਣੇ ਆਪ ਵਿੱਚ ਇਕ ਅਸਲੀ ਦੁਨੀਆਂ ਦੀ ਤਸਵੀਰ ਬਣ ਜਾਂਦੇ ਹਨ। ਜਿੱਥੇ ਜੀਵਨ ਸਿਰਫ਼ ਸਾਨੂੰ ਹੀ ਨਹੀਂ, ਉਹਨਾਂ ਨੂੰ ਵੀ ਪਿਆਰਾ ਹੈ। ਅਸੀਂ ਅਕਸਰ ਸੋਚਦੇ ਹਾਂ ਕਿ ਇਕ ਭਾਂਡਾ ਪਾਣੀ ਕੀ ਬਦਲ ਸਕਦਾ ਹੈ?ਪਰ ਯਾਦ ਰੱਖੀਏ,ਇੱਕ ਘੁੱਟ ਪਾਣੀ - ਇੱਕ ਜ਼ਿੰਦਗੀ ਨੂੰ ਬਚਾ ਸਕਦੀ ਹੈ।

ਆਓ, ਅਸੀਂ ਅੱਜ ਤੋਂ ਇਹ ਵਾਅਦਾ ਕਰੀਏ:ਹਰ ਰੋਜ਼ ਆਪਣੀ ਛੱਤ ਜਾਂ ਬਾਲਕਨੀ ਵਿੱਚ ਪਾਣੀ ਤੇ ਦਾਣੇ ਰੱਖਾਂਗੇ।ਪਾਣੀ ਨੂੰ ਤਾਜ਼ਾ ਰੱਖਾਂਗੇ, ਬਦਲਦੇ ਰਹਾਂਗੇ।ਬੱਚਿਆਂ ਨੂੰ ਵੀ ਇਹ ਨਰਮਦਿਲੀ ਸਿਖਾਂਵਾਗੇ। ਸਿਰਫ਼ ਸ਼ਬਦਾਂ ਦੀ ਨਹੀਂ, ਕਰਮਾਂ ਦੀ ਮਦਦ ਕਰਾਂਗੇ।ਇਹ ਪੰਛੀ ਸਾਡੀ ਕੁਦਰਤ ਦਾ ਹਿੱਸਾ ਹਨ, ਸਾਡਾ ਫਰਜ਼ ਹੈ ਉਹਨਾਂ ਦੀ ਰੱਖਿਆ ਕਰਨੀ।

ਉਹ ਬੋਲ ਨਹੀਂ ਸਕਦੇ, ਪਰ ਅਸੀਂ ਉਹਨਾਂ ਲਈ ਬੋਲ ਸਕਦੇ ਹਾਂ, ਕਰ ਸਕਦੇ ਹਾਂ।

ਪੰਛੀਆਂ ਨੂੰ ਵੀ ਹੈ ਪਿਆਸ - ਅਸੀਂ ਕਿਉਂ ਭੁੱਲੀਏ?

ਆਓ, ਇਕ ਘੁੱਟ ਪਾਣੀ ਨਾਲ, ਇਕ ਨਵਾਂ ਸੰਕਲਪ ਸ਼ੁਰੂ ਕਰੀਏ।



**ਮੰਜੂ ਰਾਇਕਾ।**
**ਸੰਗਰੂਰ।**

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

## ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

## ਸਾਨੂੰ ਐਕਸ ਤੇ ਫੌਲੋ ਕਰੋ

X @samajweekly

## ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

## ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

# +44 7878 456484

## email:-Samajweekly@gmail.com